# ਨਿਯਮ ਅਤੇ ਸ਼ਰਤਾਂ - ਐਕਸਿਸ ਮੋਬਾਈਲ ਐਪਲੀਕੇਸ਼ਨ

ਇਹ ਨਿਯਮ ਅਤੇ ਸ਼ਰਤਾਂ ("ਸ਼ਰਤਾਂ") ਗਾਹਕ ਅਤੇ ਐਕਸਿਸ ਬੈਂਕ ਵਿਚਕਾਰ ਇੱਕ ਇਕਰਾਰਨਾਮਾ ਬਣਾਉਂਦੀਆਂ ਹਨ ਅਤੇ ਮੋਬਾਈਲ ਬੈਂਕਿੰਗ ਰਾਹੀਂ ਐਕਸਿਸ ਬੈਂਕ ਵਲੋਂ ਪ੍ਰਦਾਨ ਕੀਤੇ ਗਏ ਨਿਰਧਾਰਿਤ ਪ੍ਰੋਡਕਟ ਅਤੇ ਸੇਵਾਵਾਂ ਦੇ ਪ੍ਰਾਵਧਾਨਾਂ ਨੂੰ ਨਿਯਮਤ ਕਰਨਗੀਆਂ. ਇਹ ਸ਼ਰਤਾਂ ਹੇਠ ਲਿਖੀਆਂ ਨਿਯਮ ਅਤੇ ਸ਼ਰਤਾਂ ਦੇ ਇਲਾਵਾ ਹਨ ਅਤੇ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਟਕਰਾਅ ਨਹੀਂ ਕਰਦੀਆਂ, ਅਤੇ ਇਸ ਦੇ ਨਾਲ ਨਾਲ ਉਹ ਹੋਰ ਨਿਯਮ ਅਤੇ ਸ਼ਰਤਾਂ ਵੀ ਲਾਗੂ ਹੋਣਗੀਆਂ, ਜਿਵੇਂ ਕਿ ਐਕਸਿਸ ਬੈਂਕ ਵੱਲੋਂ ਸਮੇਂ-ਸਮੇਂ ਤੇ ਨਿਰਧਾਰਤ ਕੀਤੇ ਜਾ ਸਕਦੇ ਹਨ

- ਐਕਸਿਸ ਬੈਂਕ ਪ੍ਰੀਪੇਡ ਇੰਸਟਰੂਮੈਂਟ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਗਾਹਕ ਅਧਿਕਾਰ ਪਾਲਿਸੀ
- ਐਕਸਿਸ ਬੈਂਕ ਬੱਚਤ ਖਾਤੇ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਨੈੱਟ ਬੈਂਕਿੰਗ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਹੈਲਪਡੈਸਕ ਅਤੇ ਸ਼ਿਕਾਇਤ ਨਿਵਾਰਣ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਗਾਹਕ ਮੁਆਵਜ਼ਾ ਪਾਲਿਸੀ ਬੈਂਕ ਦੇ ਨਿਯਮ ਅਤੇ ਸ਼ਰਤਾਂ -
- ਐਕਸਿਸ ਬੈਂਕ ਕੋਡ ਆਫ਼ ਬੈਂਕ ਦੀ ਵਚਨਬੱਧਤਾ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਦੇ ਸ਼ੁਲਕਾਂ ਦਾ ਸ਼ੈਡਿਊਲ - ਸ਼ੁਲਕਾਂ ਦਾ ਵੇਰਵਾ, ਜਿੱਥੇ ਵੀ ਲਾਗੂ ਹੁੰਦਾ ਹੈ, ਸ਼ੁਲਕਾਂ ਦੇ ਸ਼ੈਡਿਊਲ ਵਿੱਚ ਸਪੱਸ਼ਟ ਤੌਰ 'ਤੇ ਪ੍ਰਗਟ ਕੀਤਾ ਜਾਵੇਗਾ
- ਐਕਸਿਸ ਬੈਂਕ ਗਾਹਕ ਸੁਰੱਖਿਆ ਪਾਲਿਸੀ - ਅਣਅਧਿਕਾਰਤ ਇਲੈਕਟ੍ਰਾਨਿਕ ਬੈਂਕਿੰਗ ਟ੍ਰਾਂਜੈਕਸ਼ਨ ਵਿੱਚ ਗਾਹਕਾਂ ਦੀ ਦੇਣਦਾਰੀ ਨੂੰ ਸੀਮਿਤ ਕਰਨਾ

ਜੇਕਰ ਇਨ੍ਹਾਂ ਨਿਯਮ ਅਤੇ ਸ਼ਰਤਾਂ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਨਾਲ ਸੰਬੰਧਿਤ ਹੋਰ ਮੁੱਖ ਜਾਂ ਨਿਰਧਾਰਤ ਨਿਯਮ ਅਤੇ ਸ਼ਰਤਾਂ ਵਿੱਚ ਕੋਈ ਅਸੰਗਤਤਾ ਹੋਵੇ, ਤਾਂ ਇਨ੍ਹਾਂ ਨਿਯਮ ਅਤੇ ਸ਼ਰਤਾਂ ਨੂੰ ਹੀ ਪ੍ਰਾਥਮਿਕਤਾ ਦਿੱਤੀ ਜਾਵੇਗੀ.

**ਪਰਿਭਾਸ਼ਾ:**

ਇਸ ਭਾਗ ਵਿੱਚ, ਹੇਠ ਲਿਖੇ ਸ਼ਬਦਾਂ ਅਤੇ ਵਾਕਾਂਸ਼ਾਂ ਦੇ ਅਰਥ ਉਹੀ ਹੋਣਗੇ ਜੋ ਉਨ੍ਹਾਂ ਦੇ ਸਾਹਮਣੇ ਦਰਜ ਕੀਤੇ ਗਏ ਹਨ, ਜਦ ਤੱਕ ਸੰਦਰਭ ਤੋਂ ਕੁਝ ਹੋਰ ਅਰਥ ਸਪਸ਼ਟ ਨਾ ਹੁੰਦਾ ਹੋਵੇ:

"**ਮੋਬਾਈਲ ਬੈਂਕਿੰਗ**" ਦਾ ਅਰਥ ਹੈ ਗਾਹਕ ਦੇ ਬਚਤ / ਚਾਲੂ ਖਾਤੇ / ਫਿਕਸਡ ਡਿਪਾਜ਼ਿਟ ਨਾਲ ਸਬੰਧਿਤ ਜਾਣਕਾਰੀ ਤੱਕ ਪਹੁੰਚ ਦੀ ਸੁਵਿਧਾ ਅਤੇ ਬੈਂਕ ਵਲੋਂ ਸਮੇਂ-ਸਮੇਂ 'ਤੇ ਮੋਬਾਈਲ ਬੈਂਕਿੰਗ 'ਤੇ/ਰਾਹੀਂ ਗਾਹਕ ਦੇ ਮੋਬਾਈਲ ਫੋਨ 'ਤੇ ਦੱਸੇ ਗਏ ਜਾਂ ਉਪਲਬਧ ਕਰਵਾਏ ਗਏ ਪ੍ਰੋਡਕਟ ਅਤੇ/ਜਾਂ ਹੋਰ ਸੇਵਾਵਾਂ ਦੀ ਵਰਤੋਂ ਕਰਨਾ. ਇਸ ਦਸਤਾਵੇਜ਼ ਵਿੱਚ ਮੋਬਾਈਲ ਬੈਂਕਿੰਗ ਅਤੇ ਮੋਬਾਈਲ ਬੈਂਕਿੰਗ ਸੇਵਾਵਾਂ ਸ਼ਬਦ ਇਕੋ ਅਰਥ ਵਿੱਚ ਆਪਸ ਵਿੱਚ ਬਦਲ ਬਦਲ ਕੇ ਵਰਤੇ ਗਏ ਹਨ.

"**ਮੋਬਾਈਲ ਫੋਨ**" ਦਾ ਅਰਥ ਲੋੜੀਂਦੀ ਐਕਸੈਸਰੀਜ਼, ਉਪਕਰਣ ਅਟੈਚਮੈਂਟ ਅਤੇ ਹੋਰ ਸਾਫਟਵੇਅਰ ਵਾਲੇ ਹੈਂਡਸੈੱਟ ਤੋਂ ਹੈ ਅਤੇ ਜੋ ਸੈਲੂਲਰ ਸਰਵਿਸ ਸਬਸਕ੍ਰਾਈਬਰ ਦੀ ਮਲਕੀਅਤ ਅਧੀਨ ਹੁੰਦਾ ਹੈ.

"**ਗਾਹਕ ਜਾਂ ਮੈਂ**" ਦਾ ਅਰਥ ਹੈ ਉਹ ਕੋਈ ਵੀ ਵਿਅਕਤੀ ਹੈ ਜਿਸ ਦਾ ਬੈਂਕ ਨਾਲ ਖਾਤਾ ਹੈ ਅਤੇ ਜਿਸ ਨੂੰ ਬੈਂਕ ਵੱਲੋਂ ਪ੍ਰਦਾਨ ਕੀਤੀ ਗਈ ਮੋਬਾਈਲ ਬੈਂਕਿੰਗ ਸੇਵਾ ਦਾ ਲਾਭ ਲੈਣ ਲਈ ਅਧਿਕਾਰਤ ਕੀਤਾ ਗਿਆ ਹੈ.

"**ਨਿੱਜੀ ਜਾਣਕਾਰੀ**" ਦਾ ਅਰਥ ਹੈ ਮੋਬਾਈਲ ਬੈਂਕਿੰਗ ਸੇਵਾ ਦੇ ਸੰਬੰਧ ਵਿੱਚ ਗਾਹਕ ਬਾਰੇ ਪ੍ਰਾਪਤ ਕੀਤੀ ਜਾਣਕਾਰੀ.

**ਯੋਗਤਾ:**

ਇਸ ਸੇਵਾ ਲਈ ਗਾਹਕ ਨੂੰ ਐਕਸਿਸ ਬੈਂਕ ਕੋਲ ਸੁਰੱਖਿਅਤ ਚੈਨਲ ਰਾਹੀਂ ਐਸਐਮਐਸ ਬੈਂਕਿੰਗ ਲਈ ਆਪਣਾ ਮੌਜੂਦਾ ਮੋਬਾਈਲ ਫੋਨ ਨੰਬਰ ਰਜਿਸਟਰ ਰਜਿਸਟਰ ਕਰਵਾਉਣਾ ਹੋਵੇਗਾ. ਇਹ ਸੁਵਿਧਾ ਗਾਹਕ ਨੂੰ ਇਸ ਸ਼ਰਤ ਅਧੀਨ ਉਪਲਬਧ ਕਰਵਾਈ ਜਾਵੇਗੀ ਕਿ ਉਹ ਐਪਲੀਕੇਸ਼ਨ ਡਾਊਨਲੋਡ ਕਰੇ ਅਤੇ ਆਪਣਾ ਐਮ-ਪਿੰਨ ਸੈੱਟ ਕਰੇ. ਇਹ ਸੁਵਿਧਾ ਸਿਰਫ਼ ਉਹਨਾਂ ਗਾਹਕਾਂ ਲਈ ਹੀ ਉਪਲਬਧ ਹੋਵੇਗੀ ਜੋ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਇਹ ਐਕਸਿਸ ਬੈਂਕ ਦੀ ਪੂਰਨ ਵਿਵੇਕ ਅਧੀਨ ਪ੍ਰਦਾਨ ਕੀਤੀ ਜਾਵੇਗੀ ਅਤੇ ਐਕਸਿਸ ਬੈਂਕ ਇਸ ਨੂੰ ਕਿਸੇ ਵੀ ਵੇਲੇ ਗਾਹਕ ਨੂੰ ਪਹਿਲਾਂ ਸੂਚਨਾ ਦੇ ਕੇ ਬੰਦ ਵੀ ਕਰ ਸਕਦਾ ਹੈ.

**ਰਜਿਸਟਰੇਸ਼ਨ:**

ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਮੈਂ ਮੋਬਾਈਲ ਬੈਂਕਿੰਗ ਸੇਵਾ ਦੀ ਵਰਤੋਂ ਕਰਨ ਦਾ ਹੱਕ ਸਿਰਫ਼ ਉਸ ਸਥਿਤੀ ਵਿੱਚ ਹੀ ਰੱਖਾਂਗਾ/ਰੱਖਾਂਗੀ ਜਦੋਂ ਮੇਰੀ ਐਪਲੀਕੇਸ਼ਨ ਠੀਕ ਪਾਈ ਜਾਂਦੀ ਹੈ ਅਤੇ ਸੰਬੰਧਿਤ ਵੇਰਵੇ ਬੈਂਕ ਵੱਲੋਂ ਰਜਿਸਟਰ ਕੀਤੇ ਜਾਂਦੇ ਹਨ. ਬੈਂਕ ਕੋਲ ਬਿਨਾਂ ਕਿਸੇ ਕਾਰਨ ਦੱਸੇ ਮੇਰੀ ਐਪਲੀਕੇਸ਼ਨ ਨੂੰ ਅਸਵੀਕਾਰ ਕਰਨ ਦਾ ਅਧਿਕਾਰ ਹੋਵੇਗਾ. ਬੈਂਕ ਕੋਸ਼ਿਸ਼ ਕਰੇਗੀ ਕਿ ਗਾਹਕ ਨੂੰ ਮੋਬਾਈਲ ਬੈਂਕਿੰਗ ਰਾਹੀਂ ਉਹ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ, ਜਿਹੜੀਆਂ ਬੈਂਕ ਸਮੇਂ-ਸਮੇਂ ਤੇ ਫੈਸਲਾ ਕਰੇ. ਬੈਂਕ ਨੂੰ ਇਹ ਨਿਰਧਾਰਤ ਕਰਨ ਦਾ ਅਧਿਕਾਰ ਹੋਵੇਗਾ ਕਿ ਹਰੇਕ ਖਾਤੇ ਦੇ ਸੰਬੰਧ ਵਿੱਚ ਕਿਸ ਸ਼੍ਰੇਣੀ ਦੇ ਗਾਹਕ ਨੂੰ ਕਿਸ ਪ੍ਰਕਾਰ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ ਅਤੇ ਇਹ ਸ਼੍ਰੇਣੀ-ਦਰ-ਸ਼੍ਰੇਣੀ ਵੱਖ-ਵੱਖ ਹੋ ਸਕਦੀਆਂ ਹਨ. ਬੈਂਕ ਆਪਣੀ ਪੂਰਨ ਵਿਵੇਕ ਅਧੀਨ ਮੋਬਾਈਲ ਬੈਂਕਿੰਗ ਰਾਹੀਂ ਦਿੱਤੀਆਂ ਸੇਵਾਵਾਂ ਵਿੱਚ ਵਾਧਾ ਜਾਂ ਘਟਾਅ ਵੀ ਕਰ ਸਕਦਾ ਹੈ.

ਐਕਸਿਸ ਬੈਂਕ ਕੋਲ ਇਹ ਅਧਿਕਾਰ ਰੱਖਣ ਦਾ ਹੱਕ ਹੈ ਕਿ ਉਹ ਫੈਸਲਾ ਕਰੇ ਕਿ ਕਿਹੜੇ ਡਿਵਾਈਸ, ਸਾਫਟਵੇਅਰ ਪਲੇਟਫਾਰਮ, ਵਰਜ਼ਨ, ਨੈੱਟਵਰਕ, ਵਿਧੀਆਂ ਅਤੇ ਡਾਟਾ ਸੇਵਾਵਾਂ ਸਮਰਥਿਤ ਕੀਤੀਆਂ ਜਾਣਗੀਆਂ. ਐਕਸਿਸ ਬੈਂਕ ਸਮੇਂ-ਸਮੇਂ 'ਤੇ ਅਧਿਕਾਰਕ ਤੌਰ 'ਤੇ ਸਮਰਥਿਤ ਟੂਲ, ਤਕਨੀਕਾਂ ਅਤੇ ਵਰਜਨਾਂ ਨੂੰ ਪ੍ਰਕਾਸ਼ਿਤ ਕਰੇਗਾ ਜਿਸ ਵਿੱਚ ਮੋਬਾਈਲ ਬੈਂਕਿੰਗ ਦੀ ਵਰਤੋਂ ਲਈ ਲਾਗੂ ਹੋਣ ਵਾਲੇ ਨਿਯਮ ਅਤੇ ਸ਼ਰਤਾਂ ਹੋਣਗੀਆਂ. ਗਾਹਕ ਹਰ ਵੇਲੇ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰੇਗਾ. ਇਨ੍ਹਾਂ ਪ੍ਰਕਾਸ਼ਿਤ ਜ਼ਰੂਰਤਾਂ ਵਿੱਚ ਬਦਲਾਅ ਜਾਂ ਮੋਬਾਈਲ ਬੈਂਕਿੰਗ ਵਿੱਚ ਵਰਤੋਂ ਲਈ ਅਸਮਰਥਿਤ ਵਰਜਨਾਂ ਵਿੱਚ ਸੋਧ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਅਣਅਧਿਕਾਰਤ ਵਰਤੋਂ ਅਤੇ ਇਹਨਾਂ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਮੰਨੀ ਜਾਵੇਗੀ.

ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਮੈਂ ਸਿਰਫ਼ ਆਪਣੇ ਮੋਬਾਈਲ ਫੋਨ ਦੀ ਹੀ ਵਰਤੋਂ ਕਰਕੇ ਬੈਂਕ ਦੀ ਮੋਬਾਈਲ ਬੈਂਕਿੰਗ ਸੇਵਾ ਐਕਸੈਸ ਕਰਾਂਗਾ/ਕਰਾਂਗੀ. ਸਿਰਫ ਮੋਬਾਈਲ ਬੈਂਕਿੰਗ ਲਈ ਬੈਂਕ ਕੋਲ ਰਜਿਸਟਰਡ ਵਿਸ਼ੇਸ਼ ਮੋਬਾਈਲ ਫੋਨ ਨੰਬਰ ਰਾਹੀਂ ਹੀ ਮੇਰੇ ਵੱਲੋਂ ਐਕਸੈਸ ਕੀਤਾ ਜਾਵੇਗਾ. ਮੈਂ ਸਮਝਦਾ/ਸਮਝਦੀ ਹਾਂ ਕਿ ਮੋਬਾਈਲ ਬੈਂਕਿੰਗ ਪਿੰਨ (ਐਮ-ਪਿੰਨ) ਦੀ ਸੁਰੱਖਿਆ ਬਹੁਤ ਮਹੱਤਵਪੂਰਨ ਅਤੇ ਇਹ ਮੇਰੇ ਲਈ ਨਿੱਜੀ ਹੈ ਅਤੇ ਮੈਨੂੰ ਆਪਣਾ ਐਮ-ਪਿੰਨ ਗੁਪਤ ਰੱਖਣਾ ਚਾਹੀਦਾ ਹੈ ਅਤੇ ਕਿਸੇ ਵੀ ਥਰਡ ਪਾਰਟੀ ਕੋਲ ਇਸ ਸੰਬੰਧੀ ਖੁਲਾਸਾ ਨਹੀਂ ਕਰਨਾ ਚਾਹੀਦਾ ਹੈ. ਮੈਂ ਆਪਣਾ ਐਮ-ਪਿੰਨ ਕਿਸੇ ਵੀ ਥਾਂ ਨਹੀਂ ਲਿਖਾਂਗਾ/ਲਿਖਾਂਗੀ ਜਾਂ ਦਰਜ ਨਹੀਂ ਕਰਾਂਗਾ/ਕਰਾਂਗੀ, ਜਿਸ ਨਾਲ ਕਿਸੇ ਹੋਰ ਵਿਅਕਤੀ ਨੂੰ ਮੇਰਾ ਐਮ-ਪਿੰਨ ਨੰਬਰ ਪਤਾ ਲੱਗ ਸਕੇ. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਇਨ੍ਹਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ/ਰਹਿੰਦੀ ਹਾਂ ਤਾਂ ਮੈਂ ਇਸ ਕਾਰਨ ਪੈਦਾ ਹੋਣ ਵਾਲੇ ਨਤੀਜਿਆਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ. ਮੈਂ ਕਿਸੇ ਹੋਰ ਵਿਅਕਤੀ ਨੂੰ ਆਪਣੇ ਮੋਬਾਈਲ ਫੋਨ ਤੱਕ ਐਕਸੈਸ ਨਹੀਂ ਦੇਵਾਂਗਾ/ਦੇਵਾਂਗੀ ਅਤੇ ਮੋਬਾਈਲ ਫੋਨ ਨੂੰ ਬਿਨਾਂ ਨਿਗਰਾਨੀ ਛੱਡ ਕੇ ਨਹੀਂ ਜਾਵਾਂਗਾ/ਜਾਵਾਂਗੀ. ਮੈਂ ਕਿਸੇ ਵੀ ਅਣਅਧਿਕਾਰਤ ਸਾਧਨ ਰਾਹੀਂ ਬੈਂਕ ਦੇ ਕੰਪਿਊਟਰ ਵਿੱਚ ਸਟੋਰ ਕੀਤੀ ਗਈ ਖਾਤੇ ਸੰਬੰਧੀ ਜਾਣਕਾਰੀ ਨੂੰ ਐਕਸੈਸ ਕਰਨ ਦੀ ਕੋਸ਼ਿਸ਼ ਨਹੀਂ ਕਰਾਂਗਾ ਜਾਂ ਦੂਜਿਆਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦੇਵਾਂਗਾ.

ਮੋਬਾਈਲ ਬੈਂਕਿੰਗ ਐਪਲੀਕੇਸ਼ਨ ਦੇ ਰਜਿਸਟਰੇਸ਼ਨ ਦੀ ਪ੍ਰਕਿਰਿਆ ਦੇ ਦੌਰਾਨ ਗਾਹਕ ਨੂੰ ਐਮ-ਪਿੰਨ ਸੈੱਟ ਕਰਨ ਲਈ ਕਿਹਾ ਜਾਵੇਗਾ ਅਤੇ ਗਾਹਕ ਆਪਣੇ ਜੋਖਮ ਅਤੇ ਨਤੀਜਿਆਂ 'ਤੇ ਜਿੰਨੀ ਵਾਰ ਸੰਭਵ ਹੋ ਸਕੇ ਆਪਣਾ ਐਮ-ਪਿੰਨ ਬਦਲ ਸਕਦਾ ਹੈ. ਬਦਲੇ ਗਏ ਐਮ-ਪਿੰਨ ਦੀ ਗੋਪਨੀਯਤਾ ਨੂੰ ਬਰਕਰਾਰ ਰੱਖਣ ਲਈ ਸਿਰਫ ਗਾਹਕ ਜ਼ਿੰਮੇਵਾਰ ਹੋਵੇਗਾ ਅਤੇ ਅਧਿਕਾਰਤ ਗਾਹਕ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਵਲੋਂ ਇਸ ਐਮ-ਪਿੰਨ ਦੀ ਦੁਰਵਰਤੋਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ.

ਮੋਬਾਈਲ ਬੈਂਕਿੰਗ ਸੁਵਿਧਾ ਦੀ ਦੁਰਵਰਤੋਂ/ਅਣਅਧਿਕਾਰਤ ਵਰਤੋਂ ਦੇ ਨਤੀਜੇ ਵਜੋਂ ਗਾਹਕ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਬੈਂਕ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ.

ਜੇ ਗਾਹਕ ਐਮ-ਪਿੰਨ ਭੁੱਲ ਜਾਂਦਾ ਹੈ ਤਾਂ ਮੋਬਾਈਲ ਬੈਂਕਿੰਗ ਐਪਲੀਕੇਸ਼ਨ ਵਿੱਚ ਇੰਟਰਨੈੱਟ ਬੈਂਕਿੰਗ ਜਾਂ ਡੈਬਿਟ ਕਾਰਡ ਕ੍ਰੀਡੈਂਸ਼ੀਅਲ ਦੀ ਮਦਦ ਨਾਲ ਨਵਾਂ ਐਮ-ਪਿੰਨ ਸੈੱਟ ਕਰਨ ਦਾ ਫੀਚਰ ਉਪਲਬਧ ਹੈ.

ਮੈਂ ਇਲੈਕਟ੍ਰਾਨਿਕ ਮੇਲ ਜਾਂ ਲਿਖਤੀ ਸੰਚਾਰ ਵਰਗੇ ਕਿਸੇ ਵੀ ਤਰੀਕਿਆਂ ਰਾਹੀਂ ਮੇਰੇ ਵੱਲੋ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਦੀ ਸਟੀਕਤਾ ਲਈ ਜ਼ਿੰਮੇਵਾਰ ਹਾਂ. ਮੇਰੇ ਵਲੋਂ ਪ੍ਰਦਾਨ ਕੀਤੀ ਗਈ ਗਲਤ ਜਾਣਕਾਰੀ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ. ਜੇ ਮੈਨੂੰ ਲੱਗਦਾ ਹੈ ਕਿ ਮੇਰੇ ਵਲੋਂ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਗਲਤੀ ਹੈ, ਤਾਂ ਮੈਂ ਜਲਦ ਤੋਂ ਜਲਦ ਬੈਂਕ ਨੂੰ ਇਸ ਬਾਰੇ ਸੂਚਿਤ ਕਰਾਂਗਾ/ਕਰਾਂਗੀ. ਬੈਂਕ ਕੋਸ਼ਿਸ਼ ਕਰੇਗਾ ਕਿ ਕਿਸੇ ਵੀ ਤਰ੍ਹਾਂ ਦੀ ਗਲਤੀ ਨੂੰ ਤੁਰੰਤ ਸਹੀ ਕੀਤਾ ਜਾਵੇ ਅਤੇ ਉਸ ਗਲਤੀ ਕਾਰਨ ਉਤਪੰਨ ਹੋਣ ਵਾਲੇ ਕਿਸੇ ਵੀ ਵਿਆਜ ਜਾਂ ਸ਼ੁਲਕਾਂ ਨੂੰ ਐਡਜਸਟ ਕੀਤਾ ਜਾਵੇ. ਸਟੇਟਮੈਂਟ ਦੇ ਸਾਰੇ ਆਊਟਪੁੱਟ ਖਾਤੇ ਦੀ ਡੁਪਲੀਕੇਟ ਸਟੇਟਮੈਂਟ ਹਨ ਅਤੇ ਇਹਨਾਂ ਨੂੰ ਇਲੈਕਟ੍ਰਾਨਿਕ ਤਰੀਕਿਆਂ ਰਾਹੀਂ ਤਿਆਰ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਜਾਣਕਾਰੀ ਬੈਂਕ ਦੇ ਕੰਪਿਊਟਰਾਈਜ਼ਡ ਬੈਕਅੱਪ ਸਿਸਟਮ ਤੋਂ ਲਈ ਜਾਵੇਗੀ. ਹਾਲਾਂਕਿ ਬੈਂਕ ਵੱਲੋਂ ਸਟੇਟਮੈਂਟ ਦੀ ਸਟੀਕਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਢੁੱਕਵੇ ਕਦਮ ਚੁੱਕੇ ਜਾਣਗੇ, ਪਰ ਬੈਂਕ ਅਜਿਹੀ ਕਿਸੇ ਵੀ ਗਲਤੀ ਲਈ ਜ਼ਿੰਮੇਵਾਰ ਨਹੀਂ ਹੈ, ਜੋ ਇਸ ਦੇ ਕੰਟਰੋਲ ਤੋਂ ਬਾਹਰ ਦੇ ਕਾਰਨ ਨਾਲ ਹੋ ਸਕਦੀ ਹੈ ਜਿਵੇਂ ਕਿ ਟ੍ਰਾਂਸਮਿਸ਼ਨ ਦੌਰਾਨ ਡਾਟਾ ਖਰਾਬ ਹੋ ਜਾਣਾ.

ਆਰਬੀਆਈ ਦੇ ਲਾਗੂ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਮੈਨੂੰ ਪਤਾ ਹੈ ਕਿ ਐਕਸਿਸ ਮੋਬਾਈਲ ਐਪ ਨੂੰ ਐਕਸੈਸ ਕਰਨ ਦਾ ਫੈਸਲਾ ਪੂਰੀ ਤਰ੍ਹਾਂ ਨਾਲ ਮੇਰੇ ਕੋਲ ਹੈ ਅਤੇ ਮੈਨੂੰ ਇਹ ਵੀ ਪਤਾ ਹੈ ਕਿ ਐਕਸਿਸ ਬੈਂਕ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਬੈਂਕ ਦੀ ਨਿਰਧਾਰਤ ਸਹਿਮਤੀ ਪ੍ਰਬੰਧਨ ਪ੍ਰਣਾਲੀ ਰਾਹੀਂ ਕਿਸੇ ਵੀ ਵੇਲੇ ਇਹ ਸਹਿਮਤੀ ਸੋਧੀ ਜਾ ਸਕਦੀ ਹੈ ਜਾਂ ਵਾਪਸ ਲਈ ਜਾ ਸਕਦੀ ਹੈ.

ਮੈਨੂੰ ਪਤਾ ਹੈ ਕਿ ਜੇ ਮੈਂ 365 ਦਿਨਾਂ ਦੀ ਲਗਾਤਾਰ ਮਿਆਦ ਤੱਕ ਐਕਸਿਸ ਮੋਬਾਈਲ ਐਪ ਨੂੰ ਐਕਸੈਸ ਨਾ ਕਰਾਂ, ਤਾਂ ਐਪ ਦੇ ਇਸਤੇਮਾਲ ਲਈ ਮੇਰੀ ਮੌਜੂਦਾ ਸਹਿਮਤੀ ਬਿਨਾ ਕਿਸੇ ਅਗਲੀ ਸੂਚਨਾ ਦੇ ਰੱਦ ਕਰ ਦਿੱਤੀ ਜਾਵੇਗੀ. ਮੈਂ ਸਹਿਮਤ ਹਾਂ ਕਿ ਮੈਨੂੰ ਉਸ ਤੋਂ ਬਾਅਦ ਐਪ ਨੂੰ ਦੁਬਾਰਾ ਐਕਸੈਸ ਕਰਨ ਲਈ ਨਵੀਂ ਸਹਿਮਤੀ ਦੇਣੀ ਪਵੇਗੀ.

ਬੈਂਕ ਗਾਹਕ ਨਾਲ ਬੈਂਕ ਨਾਲ ਰਜਿਸਟਰਡ ਮੋਬਾਈਲ ਨੰਬਰ ਜਾਂ ਈ-ਮੇਲ ਐਡਰੈੱਸ 'ਤੇ ਐਸਐਮਐਸ, ਈ-ਮੇਲ ਜਾਂ ਹੋਰ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਸੰਪਰਕ ਕਰ ਸਕਦਾ ਹੈ.

**ਫੀਚਰ:**

ਐਕਸਿਸ ਮੋਬਾਈਲ ਐਪ ਕਈ ਫੀਚਰ ਪ੍ਰਦਾਨ ਕਰਦੀ ਹੈ ਜੋ ਸਮੇਂ-ਸਮੇਂ 'ਤੇ ਅੱਪਡੇਟ ਕੀਤੇ ਜਾ ਸਕਦੇ ਹਨ. ਮੁੱਖ ਫੀਚਰ ਇਸ ਪ੍ਰਕਾਰ ਹਨ:

1. ਪ੍ਰੀ-ਲਾਗ-ਇਨ ਪੇਜ ਵਿੱਚ ਬੈਲੇਂਸ ਚੈੱਕ ਕਰਨ ਦੀ ਸੁਵਿਧਾ
2. ਟੱਚ ਆਈਡੀ/ ਫੇਸ ਆਈਡੀ, ਫਿੰਗਰਪ੍ਰਿੰਟ, ਐਮ-ਪਿੰਨ ਦੀ ਵਰਤੋਂ ਰਾਹੀਂ ਲਾਗ-ਇਨ ਕਰੋ
3. ਐਮ-ਪਿੰਨ ਰੀਸੈੱਟ ਕਰੋ
4. ਸੀਮਾਵਾਂ:
    a. ਦੇਖਣਾ
    b. ਮੋਡਿਫਿਕੇਸ਼ਨ
5. ਖਾਤੇ:
    a. ਖਾਤੇ ਸੰਬੰਧੀ ਵੇਰਵਾ ਦੇਖੋ
    b. ਵਿਸਤ੍ਰਿਤ ਸਟੇਟਮੈਂਟ ਦੇਖੋ
    c. ਸਮਾਰਟ ਸਟੇਟਮੈਂਟ ਦੇਖੋ (ਕੁਝ ਗਾਹਕਾਂ ਲਈ)
    d. ਵਰਚੁਅਲ ਡੈਬਿਟ ਕਾਰਡ (ਕੁਝ ਗਾਹਕਾਂ ਲਈ)
6. ਸੇਵਾਵਾਂ:
    a. ਪ੍ਰੋਫਾਈਲ ਨਾਲ ਸੰਬੰਧਿਤ ਸੇਵਾਵਾਂ (ਜਿਵੇਂ ਕਿ ਐਡਰੈੱਸ, ਕੇਵਾਈਸੀ, ਆਦਿ) ਨੂੰ ਅੱਪਡੇਟ ਕਰਨਾ
    b. ਹੋਮ ਸ਼ਾਖਾ ਬਦਲੋ

   c. ਲੋਨ ਸੰਬੰਧੀ ਸੇਵਾਵਾਂ
   d. ਚੈੱਕਬੁੱਕ ਸੰਬੰਧੀ ਸੇਵਾਵਾਂ
   e. ਕਾਰਡ ਨਾਲ ਸੰਬੰਧਿਤ ਸੇਵਾਵਾਂ
   f. ਡੂ ਨਾਟ ਡਿਸਟਰਬ ਸੁਵਿਧਾ
   g. ਪੀਆਈਐਸ (ਐਨਆਰਆਈ ਗਾਹਕਾਂ ਲਈ)
7. ਕਾਰਡ (ਕ੍ਰੈਡਿਟ ਕਾਰਡ, ਡੈਬਿਟ ਕਾਰਡ, ਫੋਰੈਕਸ ਕਾਰਡ):
   a. ਕਾਰਡ ਲਈ ਅਪਲਾਈ ਕਰੋ
   b. ਕਾਰਡ ਅੱਪਗ੍ਰੇਡ ਕਰੋ
   c. ਕ੍ਰੈਡਿਟ ਕਾਰਡ 'ਤੇ ਲੋਨ
   d. ਕਾਰਡ ਆਫਰ
   e. ਸਟੇਟਮੈਂਟ ਦੇਖੋ
   f. ਆਟੋਪੇ
   g. ਈਐਮਆਈ 'ਤੇ ਬੈਲੇਂਸ
8. ਗ੍ਰੈਬਡੀਲਸ
9. ਕੈਸ਼ਬੈਕ
   a. ਵੈਡਨਸਡੇ ਡਿਲਾਈਟ
   b. ਡਾਇਨਿੰਗ ਡਿਲਾਈਟ
   c. ਈਕਾਮ ਸ਼ਾਪਿੰਗ
   d. ਆਫਰ
   e. ਇੰਸਟੈਂਟ ਵਾਊਚਰ
10. ਐਜ ਰਿਵਾਰਡ
   a. ਰਿਵਾਰਡ ਪੁਆਇੰਟ ਦਾ ਰਿਡੈਂਪਸ਼ਨ
   b. ਟ੍ਰੈਵਲ ਐਜ
   c. ਈ-ਵਾਊਚਰ
   d. ਰਿਵਾਰਡ ਸਟੋਰ
11. ਵੀਅਰੇਬਲ
   a. ਵੀਅਰ ਐਂਡ ਪੇ
12. ਫਾਸਟੈਗ
   a. ਬੈਲੇਂਸ ਲੋਡ ਕਰੋ
   b. ਫਾਸਟੈਗ ਲਈ ਅਪਲਾਈ ਕਰੋ
13. ਬਿਲ ਭੁਗਤਾਨ
   a. ਆਟੋਪੇ ਦੀ ਵਰਤੋਂ ਕਰਕੇ ਬਿਲ ਦਾ ਆਟੋਮੈਟਿਕ ਭੁਗਤਾਨ
   b. ਬਿਲ ਜਨਰੇਟ ਕਰਨ ਦਾ ਅਲਰਟ ਅਤੇ ਰੀਮਾਈਂਡਰ
   c. 20 ਤੋਂ ਵੱਧ ਕੈਟੇਗਰੀ ਵਿੱਚ 20 ਹਜ਼ਾਰ ਤੋਂ ਵੱਧ ਪ੍ਰਮੁੱਖ ਬਿਲਰ
14. ਪੈਸੇ ਭੇਜਣਾ
   a. ਪ੍ਰਾਪਤਕਰਤਾ - ਐਕਸਿਸ ਅਤੇ ਹੋਰ ਬੈਂਕ ਦੇ ਪ੍ਰਾਪਤਕਰਤਾਵਾਂ ਨੂੰ ਸ਼ਾਮਲ ਕਰਨਾ
   b. ਐਕਸਿਸ ਅਤੇ ਹੋਰ ਬੈਂਕ ਦੇ ਪ੍ਰਾਪਤਕਰਤਾਵਾਂ ਨੂੰ ਪੈਸੇ ਭੇਜੋ
   c. ਆਈਐਮਪੀਐਸ ਅਤੇ ਐਨਈਐਫਟੀ ਮੋਡ ਦੇ ਪ੍ਰਾਪਤਕਰਤਾਵਾਂ ਰਾਹੀਂ ਪੈਸੇ ਭੇਜੋ
   d. ਆਪਣੇ ਖਾਤਿਆਂ ਵਿੱਚ ਖੁਦ ਫੰਡ ਟ੍ਰਾਂਸਫਰ ਕਰਨਾ
   e. ਵਿਦੇਸ਼ਾਂ ਵਿੱਚ ਪੈਸੇ ਭੇਜੋ - ਵਿਦੇਸ਼ਾਂ ਵਿੱਚ ਪੈਸੇ ਭੇਜੋ
   f. ਸਟੈਂਡਿੰਗ ਨਿਰਦੇਸ਼ਾਂ ਰਾਹੀਂ ਭਵਿੱਖ ਦੀਆਂ ਤਾਰੀਖਾਂ ਲਈ ਪੈਸੇ ਭੇਜਣਾ ਸ਼ੈਡਿਊਲ ਕਰੋ
   g. ਪੈਸੇ ਭੇਜਣ ਦੀ ਟ੍ਰਾਂਜ਼ੈਕਸ਼ਨ ਹਿਸਟਰੀ ਚੈੱਕ ਕਰੋ
   h. ਟ੍ਰਾਂਜ਼ੈਕਸ਼ਨ ਦੀ ਰਸੀਦ ਡਾਊਨਲੋਡ ਕਰੋ ਅਤੇ ਸ਼ੇਅਰ ਕਰੋ
15. ਯੂਪੀਆਈ

a. ਯੂਪੀਆਈ ਭੁਗਤਾਨ ਲਈ ਐਕਸਿਸ ਜਾਂ ਹੋਰ ਬੈਂਕ ਖਾਤੇ ਨੂੰ ਲਿੰਕ ਕਰੋ
b. ਹੇਠਾਂ ਦਿੱਤੇ ਮੋਡ ਰਾਹੀਂ ਪੈਸੇ ਟ੍ਰਾਂਸਫਰ ਕਰੋ -
    i. ਕਿਸੇ ਵੀ ਕਯੂਆਰ ਨੂੰ ਸਕੈਨ ਕਰੋ
    ii. ਯੂਪੀਆਈ ਆਈਡੀ
    iii. ਯੂਪੀਆਈ ਨੰਬਰ
    iv. ਬੈਂਕ ਖਾਤਾ
c. ਪੈਸੇ ਭੇਜਣ ਦੀ ਟ੍ਰਾਂਜ਼ੈਕਸ਼ਨ ਹਿਸਟਰੀ ਚੈੱਕ ਕਰੋ
d. ਟ੍ਰਾਂਜ਼ੈਕਸ਼ਨ ਰਸੀਦ ਰਿਕੁਐਸਟ ਮਨੀ ਡਾਊਨਲੋਡ ਕਰੋ ਅਤੇ ਸ਼ੇਅਰ ਕਰੋ
e. ਲੰਬਿਤ ਬੇਨਤੀਆਂ 'ਤੇ ਪ੍ਰਕਿਰਿਆ ਕਰੋ
f. ਯੂਪੀਆਈ ਪ੍ਰਬੰਧਿਤ ਕਰੋ (ਕਯੂਆਰ ਕੋਡ ਤਿਆਰ ਕਰੋ, ਖਾਤਾ ਪ੍ਰਬੰਧਿਤ ਕਰੋ, ਯੂਪੀਆਈ ਨੰਬਰ ਪ੍ਰਬੰਧਿਤ ਕਰੋ ਅਤੇ ਸ਼ਿਕਾਇਤ ਦਾ ਸਟੇਟਸ ਚੈੱਕ ਕਰੋ)
g. ਯੂਪੀਆਈ ਟ੍ਰਾਂਜ਼ੈਕਸ਼ਨ ਦੇ ਵੇਰਵੇ ਚੈੱਕ ਕਰੋ
h. ਯੂਪੀਆਈ ਨਾਲ ਲਿੰਕ ਕੀਤੇ ਖਾਤਿਆਂ ਲਈ ਖਾਤਾ ਬੈਲੇਂਸ ਚੈੱਕ ਕਰੋ
i. ਯੂਪੀਆਈ ਟ੍ਰਾਂਜ਼ੈਕਸ਼ਨ ਸਬੰਧੀ ਵਿਵਾਦ ਦਰਜ ਕਰੋ

16. ਕਾਰਡ ਲੈਸ ਕੈਸ਼
    a. ਡੈਬਿਟ ਕਾਰਡ ਦੀ ਵਰਤੋਂ ਕੀਤੇ ਬਿਨਾਂ ਏਟੀਐਮ/ਮਰਚੈਂਟ ਤੋਂ ਕੈਸ਼ ਵਿਦਡ੍ਰਾਲ ਕਰੋ
17. ਪਰਸਨਲਾਈਜ਼ ਕਰਨਾ
    a. ਗਾਹਕਾਂ ਨੂੰ ਸੰਬੰਧਿਤ ਇਵੈਂਟ ਅਤੇ ਨਜ ਦਾ ਵੇਰਵਾ ਪ੍ਰਦਾਨ ਕਰਨਾ.
18. ਡਿਪਾਜ਼ਿਟਸ:
    a. ਡਿਪਾਜ਼ਿਟ ਖੋਲ੍ਹੋ
    b. ਡਿਪਾਜ਼ਿਟ ਬੰਦ ਕਰੋ (ਅੰਸ਼ਕ ਵਿਦਡ੍ਰਾਲ/ਮੁਕੰਮਲ ਵਿਦਡ੍ਰਾਲ)
    c. ਡਿਪਾਜ਼ਿਟ ਦਾ ਵੇਰਵਾ ਦੇਖੋ
    d. ਵਿਆਜ ਸਰਟੀਫਿਕੇਟ ਡਾਊਨਲੋਡ ਕਰੋ
    e. ਡਿਪਾਜ਼ਿਟ ਐਡਵਾਈਸ ਡਾਊਨਲੋਡ ਕਰੋ
    f. ਮੈਚਿਓਰਿਟੀ ਨਿਰਦੇਸ਼ ਬਦਲੋ
    g. ਨਾਮਿਨੀ ਦਾ ਵੇਰਵਾ ਬਦਲੋ
19. ਲੋਨ:
    a. ਵਿਆਜ ਦਾ ਸਰਟੀਫਿਕੇਟ
    b. ਓਵਰਡਿਊ ਦਾ ਭੁਗਤਾਨ ਕਰੋ
    c. ਲੋਨ ਦਾ ਵੇਰਵਾ
    d. ਦੇਰੀ ਸ਼ੁਲਕ
    e. ਅੰਸ਼ਿਕ ਭੁਗਤਾਨ
20. ਲਾਕਰ:
    a. ਬੁੱਕ ਕੀਤਾ ਜਾ ਰਿਹਾ ਹੈ
    b. ਸਟੈਂਡਿੰਗ ਨਿਰਦੇਸ਼ ਬਦਲੋ
    c. ਬੁਕਿੰਗ ਹਿਸਟਰੀ ਦੇਖੋ
21. ਮਿਊਚੁਅਲ ਫੰਡ:
22. ਟ੍ਰਾਂਜ਼ੈਕਸ਼ਨ ਆਧਾਰਿਤ:
    a. ਇੱਕਮੁਸ਼ਤ (ਨਵਾਂ ਅਤੇ ਮੌਜੂਦਾ ਨਿਵੇਸ਼ਕ)
        i. ਰਿਡੈਂਪਸ਼ਨ
        ii. ਸਵਿੱਚ
        iii. ਐਸਆਈਪੀ
        iv. ਐਸਟੀਪੀ (ਸਿਸਟਮੈਟਿਕ ਟ੍ਰਾਂਸਫਰ ਪਲਾਨ)
        v. ਐਸਡਬਲਯੂਪੀ (ਸਿਸਟਮੈਟਿਕ ਵਿਦਡ੍ਰਾਲ ਪਲਾਨ)

vi. ਐਸਆਈਪੀ ਬੰਦ ਕਰੋ
vii. ਐਸਆਈਪੀ ਦੁਬਾਰਾ ਸ਼ੁਰੂ ਕਰੋ

b. ਗੈਰ-ਟ੍ਰਾਂਜ਼ੈਕਸ਼ਨ ਆਧਾਰਿਤ:
i. ਇੰਸਾਈਟ ਸੈਕਸ਼ਨ
ii. ਸਟੇਟਮੈਂਟ
iii. ਪੁਰਾਣੇ ਟ੍ਰਾਂਜ਼ੈਕਸ਼ਨ
iv. ਐਸਆਈਪੀ ਕੈਲਕੁਲੇਟਰ
v. ਸਕੀਮ ਅਨੁਸਾਰ ਹੋਲਡਿੰਗ
vi. ਐਫਏਟੀਸੀਏ ਅਤੇ ਰਿਸਕ ਪ੍ਰੋਫਾਈਲ ਅੱਪਡੇਟ ਕਰੋ
vii. ਪੋਰਟਫੋਲੀਓ
viii. ਮਹੀਨੇ ਲਈ ਐਸਆਈਪੀ ਸ਼ੈਡਿਊਲ ਕਰੋ

23. ਡਿਜ਼ੀਟਲ ਗੋਲਡ
a. ਇੱਕਮੁਸ਼ਤ ਖਰੀਦ ਕਰੋ
b. ਐਸਆਈਪੀ ਖਰੀਦੋ (ਰੁਪਏ/ਗ੍ਰਾਮ ਵਿੱਚ ਖਰੀਦੋ)
c. ਸੋਨਾ ਵੇਚੋ
d. ਡਿਲੀਵਰੀ
e. ਆਰਡਰ ਹਿਸਟਰੀ ਦੇਖੋ

24. ਪਬਲਿਕ ਪ੍ਰੋਵੀਡੈਂਟ ਫੰਡ
a. ਇੱਕਮੁਸ਼ਤ (ਇੱਕ ਵਾਰ ਲਈ ਨਿਵੇਸ਼)
b. ਐਸਆਈਪੀ ਮੋਡੀਊਲ
c. ਆਧਾਰ ਲਿੰਕ ਕਰਨਾ
d. ਸਟੇਟਮੈਂਟ ਦੇਖੋ

25. ਨੈਸ਼ਨਲ ਪੈਂਸ਼ਨ ਸਿਸਟਮ
a. ਸਬਸਕ੍ਰਿਪਸ਼ਨ ਦਾ ਪ੍ਰਕਾਰ (ਵਿਅਕਤੀਗਤ/ਕਾਰਪੋਰੇਟ)
b. ਵੱਖ-ਵੱਖ ਪੈਂਸ਼ਨ ਫੰਡ ਪ੍ਰਬੰਧਕਾਂ ਦੀ ਸੂਚੀ
c. ਨਿਵੇਸ਼ ਸ਼ੈਲੀ ਵਿਕਲਪ (ਆਟੋ/ਐਕਟਿਵ)
d. ਨਾਮਿਨੀ ਦੀ ਘੋਸ਼ਣਾ

26. ਸੋਵਰੇਨ ਗੋਲਡ ਬਾਂਡ
a. ਲਾਈਵ ਟ੍ਰਾਂਚ ਦੌਰਾਨ ਨਿਵੇਸ਼ ਕਰੋ
b. ਪੁਰਾਣੀਆਂ ਟ੍ਰਾਂਜ਼ੈਕਸ਼ਨ ਦੇਖੋ

27. ਫਲੋਟਿੰਗ ਰੇਟ ਸੇਵਿੰਗ ਬਾਂਡ
a. ਨਿਵੇਸ਼ ਕਰੋ
b. ਨਿਵੇਸ਼ ਤੋਂ ਬਾਅਦ ਹੋਲਡਿੰਗ ਸਰਟੀਫਿਕੇਟ (ਸਾਫਟ ਕਾਪੀ/ਫਿਜ਼ੀਕਲ ਕਾਪੀ) ਡਾਊਨਲੋਡ ਕਰਨ ਲਈ ਵਿਕਲਪ ਉਪਲਬਧ ਹੈ

28. ਡੀਮੈਟ
a. 2 ਇਨ ਵਨ ਖਾਤਾ ਖੋਲ੍ਹੋ
b. ਪੋਰਟਫੋਲੀਓ ਦੇਖੋ

29. ਬੀਮਾ
a. ਸਿਹਤ ਅਤੇ ਜੀਵਨ ਬੀਮਾ ਲਈ ਅਪਲਾਈ ਕਰੋ

30. ਮਾਈ ਪ੍ਰਿਵਲੇਜਿਸ (ਸਿਰਫ ਕੁਝ ਗਾਹਕਾਂ ਲਈ)
a. ਹੱਕ ਅਤੇ ਆਫਰ ਦੇਖੋ

**ਗਾਹਕ ਦੀ ਦੇਣਦਾਰੀ:**

ਮੈਂ ਸਹਿਮਤ ਹਾਂ ਕਿ ਮੋਬਾਈਲ ਬੈਂਕਿੰਗ ਤੱਕ ਐਕਸੈਸ ਮੇਰੇ ਮੋਬਾਈਲ ਫੋਨ ਰਾਹੀਂ ਹੁੰਦਾ ਹੈ ਅਤੇ ਇਸ ਰਾਹੀਂ ਕੀਤੀ ਗਈ ਕਿਸੇ ਵੀ ਟ੍ਰਾਂਜ਼ੈਕਸ਼ਨ ਨੂੰ ਮੇਰੇ ਵੱਲੋਂ ਕੀਤੀ ਮੰਨਿਆ ਜਾਵੇਗਾ, ਭਾਵੇਂ ਇਹ ਮੇਰੇ ਵਲੋਂ ਕੀਤੀ ਗਈ ਹੋਵੇ ਜਾਂ ਨਹੀਂ. ਜੇ ਮੈਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਨੁਕਸਾਨ ਵਿੱਚ ਮੇਰਾ ਯੋਗਦਾਨ ਹੈ ਜਾਂ ਮੇਰੀ ਲਾਪਰਵਾਹੀ ਕਾਰਵਾਈਆਂ ਕਾਰਨ ਨੁਕਸਾਨ ਹੋਇਆ ਹੈ, ਤਾਂ ਮੇਰੇ ਖਾਤਿਆਂ ਵਿੱਚ ਅਣਅਧਿਕਾਰਤ ਟ੍ਰਾਂਜ਼ੈਕਸ਼ਨ ਤੋਂ ਹੋਣ ਵਾਲੇ ਸਾਰੇ ਨੁਕਸਾਨਾਂ ਲਈ ਮੈਂ ਜ਼ਿੰਮੇਵਾਰ ਹੋਵਾਂਗਾ, ਜਿਵੇਂ ਕਿ ਹੇਠ ਲਿਖੀਆਂ ਕਾਰਵਾਈਆਂ:

a. ਮੋਬਾਈਲ ਬੈਂਕਿੰਗ ਖਾਤੇ ਵਿੱਚ ਅਣਅਧਿਕਾਰਤ ਐਕਸੈਸ ਜਾਂ ਗਲਤ ਟ੍ਰਾਂਜ਼ੈਕਸ਼ਨ ਬਾਰੇ ਬੈਂਕ ਨੂੰ ਸੂਚਿਤ ਨਾ ਕਰਨਾ.
b. ਮੋਬਾਈਲ ਫੋਨ ਨੰਬਰ/ਸਿਮ ਕਾਰਡ ਵਿੱਚ ਬਦਲਾਵ ਜਾਂ ਬੰਦ ਹੋਣ ਦੇ ਮਾਮਲੇ ਵਿੱਚ, ਬਦਲਾਵ/ਬੰਦ ਹੋਣ ਬਾਰੇ ਵਿੱਚ ਬੈਂਕ ਨੂੰ ਸੂਚਿਤ ਨਾ ਕਰਨਾ.

ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ ਮੋਬਾਈਲ ਫੋਨ ਨੂੰ ਗੁਆਚਣ ਜਾਂ ਗਲਤ ਹੱਥਾਂ ਵਿੱਚ ਜਾਣ ਦੀ ਸਥਿਤੀ ਵਿੱਚ, ਇਸ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ. ਮੈਂ ਅਜਿਹੀ ਕਿਸੇ ਵੀ ਗਲਤ ਵਰਤੋਂ ਕਾਰਨ ਬੈਂਕ ਨੂੰ ਹੋਣ ਵਾਲੇ ਨੁਕਸਾਨ ਲਈ ਬੈਂਕ ਦੀ ਸੁਰੱਖਿਆ ਕਰਦਾ/ਕਰਦੀ ਹਾਂ. ਮੈਂ ਇਨ੍ਹਾਂ ਹਾਲਾਤਾਂ ਵਿੱਚ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਵਾਂਗਾ/ਠਹਿਰਾਵਾਂਗੀ.

ਉੱਪਰ ਦੱਸੇ ਗਏ ਕਿਸੇ ਵੀ ਪਾਸਵਰਡ ਜਾਂ ਉਕਤ ਸੁਵਿਧਾ ਦੀ ਕਿਸੇ ਵੀ ਅਣਅਧਿਕਾਰਤ ਜਾਂ ਗੈਰ-ਕਾਨੂੰਨੀ ਵਰਤੋਂ ਜਾਂ ਦਿੱਤੇ ਗਏ ਕਿਸੇ ਵੀ ਧੋਖਾਧੜੀ ਵਾਲੇ ਜਾਂ ਗਲਤ ਨਿਰਦੇਸ਼ ਲਈ ਗਾਹਕ ਬੈਂਕ ਪ੍ਰਤੀ ਜ਼ਿੰਮੇਵਾਰ ਹੋਵੇਗਾ ਅਤੇ ਇਸ ਤਰ੍ਹਾਂ ਹੋਣ ਵਾਲੇ ਕਿਸੇ ਵੀ ਵਿੱਤੀ ਖਰਚੇ ਦਾ ਭੁਗਤਾਨ ਸਿਰਫ ਗਾਹਕ ਵਲੋਂ ਕੀਤਾ ਜਾਵੇਗਾ.

ਡਿਵਾਈਸ ਵਿੱਚ ਕਿਸੇ ਵੀ ਅਣਅਧਿਕਾਰਤ ਸੋਧ (ਜਿਵੇਂ ਕਿ "ਜੇਲਬ੍ਰੇਕ" ਜਾਂ "ਰੂਟ" ਦੇ ਰੂਪ ਵਿੱਚ) ਲਈ ਸਿਰਫ ਗਾਹਕ ਜ਼ਿੰਮੇਵਾਰ ਹੋਵੇਗਾ. ਐਕਸਿਸ ਬੈਂਕ ਕੋਲ ਸਪੱਸ਼ਟ ਤੌਰ 'ਤੇ ਕਿਸੇ ਵੀ ਵੇਲੇ ਅਤੇ ਗਾਹਕਾਂ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ, "ਜੇਲਬ੍ਰੇਕ" ਜਾਂ "ਰੂਟਿਡ" ਡਿਵਾਈਸ ਦੀ ਐਕਸਿਸ ਮੋਬਾਈਲ ਟ੍ਰਾਂਜ਼ੈਕਸ਼ਨ ਸੀਮਾ ਵਿੱਚ ਬਦਲਾਅ ਕਰਨ ਦਾ ਅਧਿਕਾਰ ਹੈ.

ਜੇ ਗਾਹਕ ਨੇ ਇੱਥੇ ਦਰਜ ਸ਼ਰਤਾਂ ਅਤੇ ਨਿਯਮਾਂ ਦੀ ਉਲੰਘਣਾ ਕੀਤੀ ਹੋਵੇ, ਜਾਂ ਉਸ ਦੀ ਲਾਪਰਵਾਹੀ ਕਾਰਨ ਨੁਕਸਾਨ ਹੋਇਆ ਹੋਵੇ ਜਾਂ ਨੁਕਸਾਨ ਵਿੱਚ ਉਸ ਦਾ ਯੋਗਦਾਨ ਹੋਵੇ, ਜਾਂ ਉਸ ਵੱਲੋਂ ਖਾਤੇ ਵਿੱਚ ਕਿਸੇ ਵੀ ਬਿਨਾਂ ਅਧਿਕਾਰ ਪਹੁੰਚ ਬਾਰੇ ਵਾਜਬ ਸਮੇਂ ਦੇ ਅੰਦਰ ਬੈਂਕ ਨੂੰ ਸੂਚਿਤ ਕਰਨ ਵਿੱਚ ਅਸਫਲਤਾ ਰਹੀ ਹੋਵੇ, ਤਾਂ ਉਸ ਨਾਲ ਸੰਬੰਧਿਤ ਸਾਰੇ ਨੁਕਸਾਨਾਂ ਲਈ ਗਾਹਕ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ.

ਐਕਸਿਸ ਬੈਂਕ ਨੇ ਮੋਬਾਈਲ ਫੋਨ ਨੰਬਰ ਦੀ ਪੁਸ਼ਟੀ ਅਤੇ/ਜਾਂ ਗਾਹਕ ਨੂੰ ਐਕਸਿਸ ਬੈਂਕ ਵਲੋਂ ਅਲਾਟ ਕੀਤੇ ਗਏ ਐਮ-ਪਿੰਨ, ਪਾਸਵਰਡ, ਡੈਬਿਟ ਕਾਰਡ ਪਿੰਨ ਦੀ ਪੁਸ਼ਟੀ ਰਾਹੀਂ ਜਾਂ ਐਕਸਿਸ ਬੈਂਕ ਵੱਲੋਂ ਅਪਣੀ ਮਰਜ਼ੀ ਅਨੁਸਾਰ ਨਿਰਧਾਰਤ ਕੀਤੇ ਗਏ ਕਿਸੇ ਹੋਰ ਪੁਸ਼ਟੀਕਰਨ ਵਿਧੀ ਰਾਹੀਂ ਗਾਹਕ ਦੀ ਪ੍ਰਮਾਣਿਕਤਾ ਦਾ ਤਰੀਕਾ ਅਪਣਾਇਆ ਹੈ.

ਉਪਰੋਕਤ ਪ੍ਰਮਾਣਿਕਤਾ ਮੋਡ ਦਾ ਅਣਅਧਿਕਾਰਤ ਐਕਸੈਸ ਅਤੇ/ਜਾਂ ਵਰਤੋਂ ਗਾਹਕ ਦੇ ਖਾਤੇ ਦੀ ਸੁਰੱਖਿਆ ਲਈ ਜੋਖਮ ਪੈਦਾ ਕਰ ਸਕਦੀ ਹੈ. ਇਸ ਲਈ, ਡਿਜ਼ੀਟਲ ਹਸਤਾਖਰਾਂ ਤੋਂ ਇਲਾਵਾ ਪ੍ਰਮਾਣਿਕਤਾ ਦੇ ਹੋਰ ਤਰੀਕਿਆਂ ਦੀ ਵਰਤੋਂ ਨਾਲ ਸੰਬੰਧਿਤ ਕਿਸੇ ਵੀ ਕਾਨੂੰਨੀ ਜੋਖਮ ਤੋਂ ਬਚਣ ਲਈ, ਗਾਹਕ ਪ੍ਰਮਾਣਿਕਤਾ ਮਾਪਦੰਡਾਂ ਜਿਵੇਂ ਕਿ ਮੋਬਾਈਲ ਫੋਨ ਨੰਬਰ, ਗਾਹਕ ਨੂੰ ਅਲਾਟ ਕੀਤੇ ਗਏ ਐਮ-ਪਿੰਨ, ਪਾਸਵਰਡ ਅਤੇ ਡੈਬਿਟ ਕਾਰਡ ਪਿੰਨ ਜਾਂ ਐਕਸਿਸ ਬੈਂਕ ਵੱਲੋਂ ਅਪਣੀ ਮਰਜ਼ੀ ਅਨੁਸਾਰ ਨਿਰਧਾਰਿਤ ਕੋਈ ਹੋਰ ਵਿਧੀ ਦੀ ਪੂਰੀ ਗੋਪਨੀਯਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਏਗਾ.

**ਬੈਂਕ ਦੀ ਦੇਣਦਾਰੀ:**

ਬੈਂਕ ਕਿਸੇ ਵੀ ਹਾਲਾਤ ਵਿੱਚ ਮੇਰੇ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ, ਜੇ ਕੁਦਰਤੀ ਮਾਰਾਂ, ਹੜ੍ਹ, ਅੱਗ ਅਤੇ ਹੋਰ ਕੁਦਰਤੀ ਆਫਤਾਂ, ਕਾਨੂੰਨੀ ਪਾਬੰਦੀਆਂ, ਦੂਰਸੰਚਾਰ ਨੈੱਟਵਰਕ ਵਿੱਚ ਗੜਬੜ ਜਾਂ ਨੈੱਟਵਰਕ ਅਸਫਲਤਾ, ਐਸਐਮਐਸ ਡਿਲੀਵਰ ਨਾ ਹੋਣ, ਸਾਫਟਵੇਅਰ ਜਾਂ ਹਾਰਡਵੇਅਰ ਦੀ ਖਰਾਬੀ ਜਾਂ ਬੈਂਕ ਦੇ ਕੰਟਰੋਲ ਤੋਂ ਬਾਹਰ ਵਾਲੇ ਕਿਸੇ ਹੋਰ ਕਾਰਨਾਂ ਕਰਕੇ ਲੋੜੀਂਦੇ ਢੰਗ ਨਾਲ ਐਕਸੈਸ ਉਪਲਬਧ ਨਹੀਂ ਹੈ. ਕਿਸੇ ਵੀ ਹਾਲਾਤ ਵਿੱਚ ਬੈਂਕ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਭਾਵੇਂ ਅਜਿਹੇ ਨੁਕਸਾਨ ਸਿੱਧੇ, ਅਸਿੱਧੇ, ਆਕਸਮਿਕ, ਪਰਿਣਾਮੀ ਹੋਣ ਅਤੇ ਭਾਵੇਂ ਕੋਈ ਕਲੇਮ ਮਾਲੀਆ, ਨਿਵੇਸ਼, ਉਤਪਾਦਨ, ਸਦਭਾਵਨਾ, ਲਾਭ ਦੇ ਨੁਕਸਾਨ, ਕਾਰੋਬਾਰ

ਵਿੱਚ ਰੁਕਾਵਟ ਜਾਂ ਕਿਸੇ ਵੀ ਪ੍ਰਕਾਰ ਦੇ ਕਿਸੇ ਹੋਰ ਨੁਕਸਾਨ 'ਤੇ ਆਧਾਰਿਤ ਹੋਣ ਅਤੇ ਭਾਵੇਂ ਇਹ ਨੁਕਸਾਨ ਗਾਹਕ ਜਾਂ ਕਿਸੇ ਹੋਰ ਵਿਅਕਤੀ ਨੂੰ ਹੋਏ ਹੋਣ. ਮੋਬਾਈਲ ਫੋਨ ਦੇ ਸੰਬੰਧ ਵਿੱਚ ਸੀਐਸਪੀ ਵਲੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ. ਮੋਬਾਈਲ ਬੈਂਕਿੰਗ ਟ੍ਰਾਂਜ਼ੈਕਸ਼ਨ ਦੇ ਸੰਬੰਧ ਵਿੱਚ ਸੀਐਸਪੀ ਵਲੋਂ ਲਗਾਏ ਗਏ ਖਰਚਿਆਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ/ਦੇਣਦਾਰ ਨਹੀਂ ਹੋਵੇਗਾ.

**ਫਿੰਗਰਪ੍ਰਿੰਟ ਅਤੇ ਫੇਸ ਪ੍ਰਮਾਣਿਕਤਾ ਦੀਆਂ ਸ਼ਰਤਾਂ:**

ਗਾਹਕ ਸਮਝਦਾ ਹੈ ਕਿ ਫਿੰਗਰਪ੍ਰਿੰਟ ਜਾਂ ਫੇਸ ਦੀ ਵਰਤੋਂ ਕਰਕੇ ਟ੍ਰਾਂਜ਼ੈਕਸ਼ਨ ਨੂੰ ਪ੍ਰਮਾਣਿਤ ਕਰਨਾ ਡਿਵਾਈਸ/ਸਮਾਰਟਫੋਨ ਦੀ ਸਮਰੱਥਾ ਅਤੇ ਫੀਚਰ ਦੀ ਸਟੀਕਤਾ 'ਤੇ ਨਿਰਭਰ ਕਰਦਾ ਹੈ. ਫੀਚਰ ਦੀ ਵਰਤੋਂ ਸਬੰਧੀ ਕਿਸੇ ਵੀ ਸਮੱਸਿਆ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ. ਬੈਂਕ ਡਿਵਾਈਸ ਤੋਂ ਪ੍ਰਾਪਤ ਸਫਲ ਜਾਂ ਅਸਫਲ ਮੈਸੇਜ ਦੇ ਆਧਾਰ 'ਤੇ ਟ੍ਰਾਂਜ਼ੈਕਸ਼ਨ ਨੂੰ ਪ੍ਰਮਾਣਿਤ ਕਰਦਾ ਹੈ.

ਗਾਹਕ ਮੋਬਾਈਲ ਬੈਂਕਿੰਗ ਨੂੰ ਡਿਵਾਈਸ ਦੀ ਫਿੰਗਰ ਪ੍ਰਿੰਟ ਅਤੇ ਫੇਸ ਪ੍ਰਮਾਣਿਕਤਾ ਫੀਚਰ ਦੀ ਵਰਤੋਂ ਕਰਨ ਲਈ ਆਗਿਆ ਦੇਣ ਸਮੇਂ ਸੋਚ-ਸਮਝ ਕੇ ਫੈਸਲਾ ਲੈਂਦਾ ਹੈ. ਗਾਹਕ ਜਾਣਦਾ ਹੈ ਕਿ ਡਿਵਾਈਸ ਵਿੱਚ ਜੋੜਿਆ/ਰਜਿਸਟਰ ਕੀਤਾ ਗਿਆ ਕੋਈ ਵੀ ਫਿੰਗਰਪ੍ਰਿੰਟ ਜਾਂ ਫੇਸ ਮੋਬਾਈਲ ਬੈਂਕਿੰਗ ਐਪਲੀਕੇਸ਼ਨ 'ਤੇ ਟ੍ਰਾਂਜ਼ੈਕਸ਼ਨ ਕਰਨ ਦੇ ਯੋਗ ਹੋਵੇਗਾ: ਹਾਲਾਂਕਿ, ਇਸ ਟ੍ਰਾਂਜ਼ੈਕਸ਼ਨ ਵਿੱਚ ਲਾਗ-ਇਨ ਅਤੇ ਲਾਭਪਾਤਰ ਨੂੰ ਜੋੜਨਾ ਸ਼ਾਮਲ ਨਹੀਂ ਹੈ. ਜੇ ਅਸਲ ਗਾਹਕ ਤੋਂ ਇਲਾਵਾ ਕੋਈ ਹੋਰ ਵਿਅਕਤੀ ਡਿਵਾਈਸ ਵਿੱਚ ਆਪਣੀ ਫਿੰਗਰਪ੍ਰਿੰਟ ਜੋੜ ਕੇ ਮੋਬਾਈਲ ਬੈਂਕਿੰਗ 'ਤੇ ਟ੍ਰਾਂਜ਼ੈਕਸ਼ਨ ਕਰਦਾ ਹੈ ਤਾਂ ਅਜਿਹੀ ਕਿਸੇ ਵੀ ਧੋਖਾਧੜੀ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ. ਗਾਹਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸਦੇ ਡਿਵਾਈਸ ਵਿੱਚ ਸਿਰਫ ਉਸ ਦਾ ਫਿੰਗਰਪ੍ਰਿੰਟ ਜਾਂ ਫੇਸ ਜੋੜਿਆ/ਰਜਿਸਟਰ ਕੀਤਾ ਗਿਆ ਹੈ ਅਤੇ ਕਿਸੇ ਹੋਰ ਕੋਲ ਇਸ ਫਿੰਗਰਪ੍ਰਿੰਟ ਪ੍ਰਮਾਣਿਕਤਾ ਫੀਚਰ ਦਾ ਐਕਸੈਸ ਨਹੀਂ ਹੈ.

**ਨਿੱਜੀ ਜਾਣਕਾਰੀ ਦਾ ਖੁਲਾਸਾ:**

ਐਪ ਦੀ ਵਰਤੋਂ ਕਰਕੇ, ਤੁਸੀਂ ਸਾਨੂੰ (ਐਕਸਿਸ ਬੈਂਕ) ਉਪਕਰਣ ਅਤੇ ਸੰਬੰਧਿਤ ਸਾਫਟਵੇਅਰ, ਹਾਰਡਵੇਅਰ ਅਤੇ ਪੈਰੀਫੇਰਲ ਬਾਰੇ ਤਕਨੀਕੀ ਜਾਣਕਾਰੀ ਅਤੇ ਉਪਕਰਣ ਵਿੱਚ ਸਟੋਰ ਕੀਤੇ ਗਏ ਡਾਟਾ ਅਤੇ ਜਾਣਕਾਰੀ, ਭਾਵੇਂ ਇੰਟਰਨੈੱਟ-ਆਧਾਰਿਤ ਹੋਵੇ ਜਾਂ ਵਾਇਰਲੈੱਸ ਅਧਾਰਤ ਹੋਵੇ, ਨੂੰ ਇਕੱਤਰ ਕਰਨ ਅਤੇ ਵਰਤੋਂ ਕਰਨ ਲਈ ਅਧਿਕਾਰਤ ਕਰਦੇ ਹੋ ਤਾਂ ਜੋ ਅਸੀਂ ਆਪਣੇ ਪ੍ਰੋਡਕਟ ਵਿੱਚ ਸੁਧਾਰ ਕਰ ਸਕੀਏ ਅਤੇ ਤੁਹਾਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰ ਸਕੀਏ. ਐਪਲੀਕੇਸ਼ਨ ਦੀ ਵਰਤੋਂ ਕਰਕੇ, ਤੁਸੀਂ ਇਸ ਜਾਣਕਾਰੀ ਨੂੰ ਸਾਡੇ ਕਿਸੇ ਵੀ ਏਜੰਟ, ਸੇਵਾ ਪ੍ਰਦਾਤਾ, ਸਹਿਯੋਗੀ ਜਾਂ ਕਿਸੇ ਹੋਰ ਥਰਡ ਪਾਰਟੀ ਨੂੰ ਸ਼ੇਅਰ ਕਰਨ ਲਈ ਸਹਿਮਤੀ ਦਿੰਦੇ ਹੋ ਜਿਵੇਂ ਬੈਂਕ ਨੂੰ ਠੀਕ ਲੱਗੇ. ਤੁਸੀਂ ਸਾਡੇ ਸਹਿਯੋਗੀ, ਏਜੰਟ, ਸੇਵਾ ਪ੍ਰਦਾਤਾਵਾਂ ਨੂੰ ਵੀ ਉਕਤ ਡਾਟਾ ਨੂੰ ਸੰਚਾਰਿਤ ਕਰਨ, ਇਕੱਤਰ ਕਰਨ, ਬਰਕਰਾਰ ਰੱਖਣ, ਰੱਖ-ਰਖਾਵ ਕਰਨ, ਪ੍ਰਕਿਰਿਆ ਕਰਨ ਅਤੇ ਵਰਤੋਂ ਕਰਨ ਲਈ ਅਧਿਕਾਰਤ ਕਰ ਰਹੇ ਹੋ, ਤਾਂ ਜੋ ਤੁਹਾਡੇ ਕ੍ਰੈਡਿਟ ਸਕੋਰ ਨੂੰ ਨਿਰਧਾਰਤ ਕੀਤਾ ਜਾ ਸਕੇ, ਤੁਹਾਨੂੰ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਨੂੰ ਨਿਰਧਾਰਤ ਕੀਤਾ ਜਾ ਸਕੇ, ਜਾਂ ਸਾਡੀਆਂ ਸੇਵਾਵਾਂ ਜਾਂ ਐਪ ਦੀ ਵਰਤੋਂ ਕਰਨ ਵੇਲੇ ਤੁਹਾਡੇ ਅਨੁਭਵ ਨੂੰ ਬਿਹਤਰ ਬਣਾਇਆ ਜਾ ਸਕੇ ਜਾਂ ਕਾਨੂੰਨੀ ਅਤੇ ਰੈਗੂਲੇਟਰੀ ਅਥਾਰਟੀਆਂ ਨੂੰ ਸਬਮਿਟ ਕੀਤਾ ਜਾ ਸਕੇ.

ਤੁਹਾਨੂੰ ਬਿਹਤਰ ਅਨੁਭਵ ਦੇਣ ਲਈ, ਸਾਨੂੰ ਐਕਸੈਸ ਕਰਨ ਲਈ ਤੁਹਾਡੀ ਆਗਿਆ ਦੀ ਲੋੜ ਹੈ ਅਤੇ ਗਾਹਕ ਸੋਚ ਸਮਝ ਕੇ ਹੇਠਾਂ ਲਿਖਿਆਂ ਨੂੰ ਆਗਿਆ ਦਿੰਦਾ ਹੈ:

- ਲੋਕੇਸ਼ਨ: ਆਪਣੇ ਨੇੜੇ ਦੇ ਏਟੀਐਮ/ਸ਼ਾਖਾਵਾਂ ਅਤੇ ਆਫਰ ਨੂੰ ਪ੍ਰਦਰਸ਼ਿਤ ਕਰਨ ਲਈ. ਧੋਖਾਧੜੀ ਨੂੰ ਰੋਕਣ ਲਈ ਤੁਹਾਡੀ ਭੂਗੋਲਿਕ ਲੋਕੇਸ਼ਨ ਪ੍ਰਾਪਤ ਕਰਨ ਅਤੇ ਵਰਤਣ ਲਈ. ਤੁਹਾਡੇ ਟ੍ਰਾਂਜ਼ੈਕਸ਼ਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਹਾਡੇ ਲੋਕੇਸ਼ਨ ਡਾਟਾ ਦੀ ਵਰਤੋਂ ਕੀਤੀ ਜਾਵੇਗੀ.
- ਸੰਪਰਕ: ਪੈਸੇ ਭੇਜਣ ਜਾਂ ਰੀਚਾਰਜ ਕਰਨ ਲਈ ਸੰਪਰਕ ਤੋਂ ਫੋਨ ਨੰਬਰ, ਈ-ਮੇਲ ਐਡਰੈੱਸ ਪ੍ਰਾਪਤ ਕਰਨ ਲਈ.
- ਫੋਟੋ ਅਤੇ ਕੈਮਰਾ: ਐਪ ਵਿੱਚ ਸ਼ਾਮਲ ਕੀਤੇ ਗਏ ਖਾਤੇ ਅਤੇ ਪ੍ਰਾਪਤਕਰਤਾਵਾਂ ਨੂੰ ਪਰਸਨਲਾਈਜ਼ ਕਰਨ ਲਈ
- ਫੋਨ: ਐਪ ਤੋਂ ਐਕਸਿਸ ਬੈਂਕ ਗਾਹਕ ਸੇਵਾ ਨੂੰ ਕਾਲ ਕਰਨ ਦੀ ਆਗਿਆ ਦੇਣ ਲਈ
- ਡਿਵਾਈਸ ਆਈਡੀ ਅਤੇ ਸਟੇਟਸ, ਮੋਬਾਈਲ ਨੰਬਰ (ਸਿਮ) ਅਤੇ ਐਸਐਮਐਸ ਭੇਜਣ ਦੀ ਸੁਵਿਧਾ: ਤੁਹਾਡੇ ਖਾਤੇ ਦੀ ਸੁਰੱਖਿਆ ਲਈ ਤੁਹਾਡੇ ਡਿਵਾਈਸ ਨਾਲ ਲੋੜੀਂਦੀ ਸਿਮ ਲਾਕਿੰਗ ਕਰਨ ਵਾਸਤੇ ਫੋਨ ਸਟੇਟਸ ਅਤੇ ਪਛਾਣ ਪੜ੍ਹਨ ਲਈ

- ਕੈਲੰਡਰ: ਤੁਹਾਡੇ ਸ਼ੈਡਿਊਲਡ ਭੁਗਤਾਨ ਨੂੰ ਸਿੰਕ ਕਰਨ ਲਈ
- ਐਸਐਮਐਸ: ਓਟੀਪੀ/ਐਮਵੀਸੀ/ਡੀਵੀਸੀ ਨਾਲ ਸੰਬੰਧਿਤ ਐਸਐਮਐਸ ਨੂੰ ਆਟੋ ਰੀਡ ਕਰਨ ਲਈ. ਯੂਜ਼ਰ ਵਲੋਂ ਐਸਐਮਐਸ ਭੇਜਣ ਲਈ ਫੋਨ ਪੁਸ਼ਟੀਕਰਨ ਵਿੱਚ ਵੀ ਵਰਤਿਆ ਜਾਂਦਾ ਹੈ. ਟ੍ਰਾਂਜ਼ੈਕਸ਼ਨ ਦੀ ਸਟੀਕਤਾ ਨੂੰ ਯਕੀਨੀ ਬਣਾਉਣ, ਧੋਖਾਧੜੀ ਨੂੰ ਰੋਕਣ ਅਤੇ ਗਾਹਕ ਸਹਾਇਤਾ ਵਿੱਚ ਸੁਧਾਰ ਕਰਨ ਦੇ ਉਦੇਸ਼ ਲਈ ਬੈਂਕਿੰਗ ਨਾਲ ਸੰਬੰਧਿਤ ਕੀਵਰਡ (ਜਿਵੇਂ ਕਿ, ਟ੍ਰਾਂਜ਼ੈਕਸ਼ਨ ਅਲਰਟ, ਵਨ-ਟਾਈਮ ਪਾਸਵਰਡ) ਵਾਲੇ ਮੈਸੇਜ ਪੜ੍ਹਨ ਲਈ. ਅਸੀਂ ਕਿਸੇ ਵੀ ਨਿੱਜੀ ਮੈਸੇਜ ਨੂੰ ਸਟੋਰ ਜਾਂ ਸ਼ੇਅਰ ਨਹੀਂ ਕਰਦੇ. ਇੱਕ ਵਾਰ ਪ੍ਰਦਾਨ ਕੀਤੀ ਗਈ ਸ਼ੁਰੂਆਤੀ ਸਹਿਮਤੀ ਡਾਟਾ ਕੈਪਚਰ ਨੂੰ ਕੰਟਰੋਲ ਕਰੇਗੀ; ਇਸ ਤਰਜੀਹ ਨੂੰ ਕੰਟਰੋਲ ਸੈਂਟਰ ਰਾਹੀਂ ਕਿਸੇ ਵੀ ਵੇਲੇ ਅੱਪਡੇਟ ਕੀਤਾ ਜਾ ਸਕਦਾ ਹੈ. ਧੋਖਾਧੜੀ ਦੀਆਂ ਗਤੀਵਿਧੀਆਂ ਦਾ ਪਤਾ ਲਗਾਉਣ ਅਤੇ ਰੋਕਣ ਲਈ ਡਿਵਾਈਸ ਐਕਟੀਵੇਸ਼ਨ ਦੇ ਸਮੇਂ ਐਸਐਮਐਸ ਡਾਟਾ ਨੂੰ ਸੁਰੱਖਿਅਤ ਢੰਗ ਨਾਲ ਕੈਪਚਰ ਕੀਤਾ ਜਾਵੇਗਾ.
- ਐਪ ਦੀ ਵਰਤੋਂ ਸਬੰਧੀ ਡਾਟਾ: ਆਪਣੇ ਅਨੁਭਵ ਨੂੰ ਬਿਹਤਰ ਬਣਾਉਣ ਅਤੇ ਵਿਅਕਤੀਗਤ ਸੇਵਾਵਾਂ ਆਫਰ ਕਰਨ ਲਈ, ਅਸੀਂ ਇਸ ਬਾਰੇ ਡਾਟਾ ਇਕੱਤਰ ਕਰ ਸਕਦੇ ਹਾਂ ਕਿ ਤੁਸੀਂ ਭਾਸ਼ਾ ਸਮੇਤ ਆਪਣੇ ਡਿਵਾਈਸ 'ਤੇ ਸਾਡੀ ਐਪ ਅਤੇ ਹੋਰ ਐਪਸ ਨਾਲ ਕਿਵੇਂ ਇੰਟਰੈਕਟ ਕਰਦੇ ਹੋ. ਇਹ ਡਾਟਾ ਸਾਨੂੰ ਧੋਖਾਧੜੀ ਨੂੰ ਰੋਕਣ ਅਤੇ ਸਖਤ ਗੋਪਨੀਯਤਾ ਮਾਪਦੰਡਾਂ ਨੂੰ ਬਰਕਰਾਰ ਰੱਖਦੇ ਹੋਏ ਐਪ ਦੀ ਅਨੁਕੂਲ ਕਾਰਗੁਜ਼ਾਰੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ.
- ਗਾਹਕ ਨੂੰ ਹੋਏ ਕਿਸੇ ਵੀ ਨੁਕਸਾਨ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜੋ ਬੈਂਕ ਵਲੋਂ ਕਿਸੇ ਥਰਡ ਪਾਰਟੀ ਨੂੰ ਨਿੱਜੀ ਜਾਣਕਾਰੀ ਦੇ ਖੁਲਾਸੇ ਦੇ ਕਾਰਨ ਹੋਇਆ ਹੋਵੇ ਜਿਸ ਵਿੱਚ ਕਿਸੇ ਵੀ ਟੈਲੀਕਮਿਊਨੀਕੇਸ਼ਨ ਜਾਂ ਇਲੈਕਟ੍ਰਾਨਿਕ ਕਲੀਅਰਿੰਗ ਨੈੱਟਵਰਕ ਵਿੱਚ ਹਿੱਸਾ ਲੈਣਾ, ਕਾਨੂੰਨੀ ਨਿਰਦੇਸ਼ ਦੀ ਪਾਲਣਾ ਕਰਨਾ, ਅੰਕੜਾ ਵਿਸ਼ਲੇਸ਼ਣ ਜਾਂ ਕ੍ਰੈਡਿਟ ਰੇਟਿੰਗ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ.

**ਆਧਾਰ ਲਿੰਕ ਕਰਨ ਸੰਬੰਧੀ ਸ਼ਰਤਾਂ:**

ਬੈਂਕ ਖਾਤੇ ਨਾਲ ਲਿੰਕ ਕਰਨ ਲਈ ਆਧਾਰ ਵੇਰਵੇ ਸਬਮਿਟ ਕਰਕੇ, ਗਾਹਕ ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਨਾਲ ਸਹਿਮਤ ਹੁੰਦਾ ਹੈ: -

ਸਰਕਾਰੀ ਲਾਭਾਂ ਲਈ ਆਧਾਰ ਨੂੰ ਲਿੰਕ ਕਰਨਾ:

ਮੈਂ ਆਪਣਾ ਆਧਾਰ ਨੰਬਰ ਸਬਮਿਟ ਕਰਦਾ/ਕਰਦੀ ਹਾਂ ਅਤੇ ਸਵੈ-ਇੱਛਾ ਨਾਲ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ:

- ਯੂਆਈਡੀਏਆਈ ਤੋਂ ਮੈਨੂੰ ਪ੍ਰਮਾਣਿਤ ਕਰਨ ਲਈ ਮੇਰੇ ਆਧਾਰ ਵੇਰਵੇ ਦੀ ਵਰਤੋਂ ਕਰੋ
- ਮੈਨੂੰ ਐਸਐਮਐਸ ਅਲਰਟ ਭੇਜਣ ਲਈ ਬੈਂਕ ਰਿਕਾਰਡ ਵਿੱਚ ਰਜਿਸਟਰਡ ਮੇਰੇ ਮੋਬਾਈਲ ਨੰਬਰ ਦੀ ਵਰਤੋਂ ਕਰੋ
- ਬੈਂਕ ਨਾਲ ਮੇਰੇ ਸਾਰੇ ਮੌਜੂਦਾ, ਨਵੇਂ ਅਤੇ ਭਵਿੱਖ ਦੇ ਖਾਤਿਆਂ ਅਤੇ ਗਾਹਕ ਪ੍ਰੋਫਾਈਲ (ਸੀਆਈਐਫ) ਨਾਲ ਮੇਰਾ ਆਧਾਰ ਨੰਬਰ ਲਿੰਕ ਕੀਤਾ ਜਾਵੇ

ਮੈਂ ਆਪਣੇ ਚੁਣੇ ਹੋਏ ਖਾਤੇ ਨੂੰ ਐਨਪੀਸੀਆਈ ਮੈਪਰ ਨਾਲ ਜੋੜਨਾ ਚਾਹੁੰਦਾ ਹਾਂ ਤਾਂ ਜੋ ਮੈਨੂੰ ਮੇਰੇ ਚੁਣੇ ਹੋਏ ਖਾਤੇ ਵਿੱਚ ਭਾਰਤ ਸਰਕਾਰ (ਜੀਓਆਈ) ਤੋਂ ਐਲਪੀਜੀ ਸਬਸਿਡੀ ਸਮੇਤ ਸਿੱਧਾ ਲਾਭ ਟ੍ਰਾਂਸਫਰ (ਡੀਬੀਟੀ) ਪ੍ਰਾਪਤ ਹੋ ਸਕੇ. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਨੂੰ ਇੱਕ ਤੋਂ ਵੱਧ ਲਾਭ ਟ੍ਰਾਂਸਫਰ ਮਿਲਣੇ ਹਨ, ਤਾਂ ਮੈਨੂੰ ਇੱਕੋ ਖਾਤੇ ਵਿੱਚ ਸਾਰੇ ਲਾਭ ਟ੍ਰਾਂਸਫਰ ਪ੍ਰਾਪਤ ਹੋਣਗੇ.

ਮੈਨੂੰ ਇਹ ਦੱਸਿਆ ਗਿਆ ਹੈ ਕਿ ਬੈਂਕ ਕੋਲ ਸਬਮਿਟ ਕੀਤੀ ਗਈ ਮੇਰੀ ਜਾਣਕਾਰੀ ਦੀ ਵਰਤੋਂ ਉੱਪਰ ਦੱਸੇ ਗਏ ਉਦੇਸ਼ਾਂ ਜਾਂ ਕਾਨੂੰਨ ਦੀਆਂ ਜ਼ਰੂਰਤਾਂ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਨਹੀਂ ਕੀਤੀ ਜਾਵੇਗੀ.

ਮੈਂ ਇਸ ਗੱਲ ਦੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਸਵੈ-ਇੱਛਾ ਨਾਲ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਸੱਚੀ, ਸਟੀਕ ਅਤੇ ਮੁਕੰਮਲ ਹੈ

ਮੈਂ ਸਹਿਮਤ ਹਾਂ ਕਿ ਬੇਨਤੀ ਸਬਮਿਟ ਕਰਨ ਦਾ ਅਰਥ ਇਹ ਨਹੀਂ ਹੈ ਕਿ ਟ੍ਰਾਂਜ਼ੈਕਸ਼ਨ 'ਤੇ ਪ੍ਰਕਿਰਿਆ ਹੋ ਜਾਵੇਗੀ. ਐਕਸਿਸ ਬੈਂਕ ਕੋਲ ਰੈਗੂਲੇਟਰੀ ਅਤੇ ਅੰਦਰੂਨੀ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਕੀਤੀਆਂ ਟ੍ਰਾਂਜ਼ੈਕਸ਼ਨ ਨੂੰ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ

ਮੈਂ ਸਮਝਦਾ/ਸਮਝਦੀ ਹਾਂ ਕਿ ਐਕਸਿਸ ਬੈਂਕ ਆਧਾਰ ਆਧਾਰਿਤ ਪ੍ਰਮਾਣਿਕਤਾ ਅਤੇ ਭੁਗਤਾਨ, ਜੇ ਕੋਈ ਹੋਵੇ, ਦੇ ਉਦੇਸ਼ ਲਈ ਪ੍ਰਦਾਨ ਕੀਤੇ ਗਈ ਨਿੱਜੀ ਪਛਾਣ ਸਬੰਧੀ ਜਾਣਕਾਰੀ ਦੀ ਸੁਰੱਖਿਆ ਅਤੇ ਗੋਪਨੀਯਤਾ ਨੂੰ ਯਕੀਨੀ ਬਣਾਏਗਾ.

ਬੈਂਕ ਖਾਤੇ ਨਾਲ ਆਧਾਰ ਲਿੰਕ ਕਰੋ:

ਮੈਂ ਆਪਣਾ ਆਧਾਰ ਨੰਬਰ ਸਬਮਿਟ ਕਰਦਾ/ਕਰਦੀ ਹਾਂ ਅਤੇ ਸਵੈ-ਇੱਛਾ ਨਾਲ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ:

- ਯੂਆਈਡੀਏਆਈ ਤੋਂ ਮੈਨੂੰ ਪ੍ਰਮਾਣਿਤ ਕਰਨ ਲਈ ਮੇਰੇ ਆਧਾਰ ਵੇਰਵੇ ਦੀ ਵਰਤੋਂ ਕਰੋ
- ਮੈਨੂੰ ਐਸਐਮਐਸ ਅਲਰਟ ਭੇਜਣ ਲਈ ਬੈਂਕ ਰਿਕਾਰਡ ਵਿੱਚ ਰਜਿਸਟਰਡ ਮੇਰੇ ਮੋਬਾਈਲ ਨੰਬਰ ਦੀ ਵਰਤੋਂ ਕਰੋ
- ਬੈਂਕ ਨਾਲ ਮੇਰੇ ਸਾਰੇ ਮੌਜੂਦਾ, ਨਵੇਂ ਅਤੇ ਭਵਿੱਖ ਦੇ ਖਾਤਿਆਂ ਅਤੇ ਗਾਹਕ ਪ੍ਰੋਫਾਈਲ (ਸੀਆਈਐਫ) ਨਾਲ ਮੇਰਾ ਆਧਾਰ ਨੰਬਰ ਲਿੰਕ ਕੀਤਾ ਜਾਵੇ

ਮੈਨੂੰ ਇਹ ਦੱਸਿਆ ਗਿਆ ਹੈ ਕਿ ਬੈਂਕ ਕੋਲ ਸਬਮਿਟ ਕੀਤੀ ਗਈ ਮੇਰੀ ਜਾਣਕਾਰੀ ਦੀ ਵਰਤੋਂ ਉੱਪਰ ਦੱਸੇ ਗਏ ਉਦੇਸ਼ਾਂ ਜਾਂ ਕਾਨੂੰਨ ਦੀਆਂ ਜ਼ਰੂਰਤਾਂ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਨਹੀਂ ਕੀਤੀ ਜਾਵੇਗੀ.

ਮੈਂ ਇਸ ਗੱਲ ਦੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਸਵੈ-ਇੱਛਾ ਨਾਲ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਸੱਚੀ, ਸਟੀਕ ਅਤੇ ਮੁਕੰਮਲ ਹੈ

ਮੈਂ ਸਹਿਮਤ ਹਾਂ ਕਿ ਬੇਨਤੀ ਸਬਮਿਟ ਕਰਨ ਦਾ ਅਰਥ ਇਹ ਨਹੀਂ ਹੈ ਕਿ ਟ੍ਰਾਂਜ਼ੈਕਸ਼ਨ 'ਤੇ ਪ੍ਰਕਿਰਿਆ ਹੋ ਜਾਵੇਗੀ. ਐਕਸਿਸ ਬੈਂਕ ਕੋਲ ਰੈਗੂਲੇਟਰੀ ਅਤੇ ਅੰਦਰੂਨੀ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਕੀਤੀਆਂ ਟ੍ਰਾਂਜ਼ੈਕਸ਼ਨ ਨੂੰ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ

ਮੈਂ ਸਮਝਦਾ/ਸਮਝਦੀ ਹਾਂ ਕਿ ਐਕਸਿਸ ਬੈਂਕ ਆਧਾਰ ਆਧਾਰਿਤ ਪ੍ਰਮਾਣਿਕਤਾ ਅਤੇ ਭੁਗਤਾਨ, ਜੇ ਕੋਈ ਹੋਵੇ, ਦੇ ਉਦੇਸ਼ ਲਈ ਪ੍ਰਦਾਨ ਕੀਤੇ ਗਈ ਨਿੱਜੀ ਪਛਾਣ ਸਬੰਧੀ ਜਾਣਕਾਰੀ ਦੀ ਸੁਰੱਖਿਆ ਅਤੇ ਗੋਪਨੀਯਤਾ ਨੂੰ ਯਕੀਨੀ ਬਣਾਏਗਾ.

**ਸੋਧ ਕਰਨ ਦਾ ਅਧਿਕਾਰ**

ਐਕਸਿਸ ਬੈਂਕ ਖ਼ਾਸ ਤੌਰ 'ਤੇ ਕਿਸੇ ਵੀ ਸਮੇਂ ਅਤੇ ਗਾਹਕ/ਗਾਹਕਾਂ ਨੂੰ ਪਹਿਲਾਂ ਸੂਚਿਤ ਕੀਤੇ ਬਿਨਾਂ, ਇਸ ਪ੍ਰੋਗਰਾਮ ਨਾਲ ਸਬੰਧਿਤ ਸ਼ਰਤਾਂ ਵਿੱਚ ਪੂਰੀ ਤਰ੍ਹਾਂ ਜਾਂ ਹਿੱਸੇਦਾਰੀ ਤੌਰ 'ਤੇ ਕੋਈ ਵੀ ਵਾਧਾ, ਬਦਲਾਅ, ਸੋਧ, ਤਬਦੀਲੀ ਜਾਂ ਭਿੰਨਤਾ ਕਰਨ ਦਾ ਅਧਿਕਾਰ ਰੱਖਦਾ ਹੈ.

**ਸ਼ਾਸਕੀ ਕਾਨੂਨ ਅਤੇ ਨਿਆਯਾਧਿਕਾਰ**

ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੇ ਨਿਰਮਾਣ, ਵੈਧਤਾ ਅਤੇ ਪ੍ਰਦਰਸ਼ਨ ਨੂੰ ਹਰ ਪੱਖੋਂ ਭਾਰਤ ਦੇ ਕਾਨੂੰਨਾਂ ਰਾਹੀਂ ਨਿਯੰਤ੍ਰਿਤ ਕੀਤਾ ਜਾਵੇਗਾ. ਪਾਰਟੀਆਂ ਇੱਥੇ ਮੰਨਦੀਆਂ ਹਨ ਕਿ ਇਸ ਮਾਮਲੇ ਵਿੱਚ ਸਿਰਫ ਮੰਬਈ, ਭਾਰਤ ਦੇ ਯੋਗ ਅਦਾਲਤਾਂ ਦੀ ਵਿਸ਼ੇਸ਼ ਅਧਿਕਾਰਤਾ ਹੋਵੇਗੀ, ਜਿਨ੍ਹਾਂ ਦੀ ਅਧਿਕਾਰਤਾ ਹੋਰ ਕਿਸੇ ਵੀ ਅਦਾਲਤ ਨੂੰ ਰੋਕਦੇ ਹੋਏ ਇਸ ਮਾਮਲੇ 'ਤੇ ਲਾਗੂ ਹੋਵੇਗੀ, ਭਾਵੇਂ ਹੋਰ ਅਦਾਲਤਾਂ ਕੋਲ ਇਸ ਮਾਮਲੇ ਵਿੱਚ ਸਮਾਨ ਅਧਿਕਾਰਤਾ ਹੋਵੇ. ਐਕਸਿਸ ਬੈਂਕ ਭਾਰਤ ਤੋਂ ਇਲਾਵਾ ਕਿਸੇ ਹੋਰ ਦੇਸ਼ ਜਿੱਥੇ ਸੇਵਾਵਾਂ ਉਪਲਬਧ ਹਨ, ਦੇ ਕਾਨੂੰਨਾਂ ਦੀ ਪਾਲਣਾ ਨਾ ਕਰਨ ਲਈ, ਸਿੱਧੇ ਜਾਂ ਅਸਿੱਧੇ ਤੌਰ 'ਤੇ ਪੈਦਾ ਹੋਣ ਵਾਲੀ ਕਿਸੇ ਵੀ ਦੇਣਦਾਰੀ ਤੋਂ ਮੁਕਤ ਹੈ.

**ਪਰਿਭਾਸ਼ਾ**

ਹੇਠਾਂ ਦਿੱਤੇ ਸ਼ਬਦਾਂ ਅਤੇ ਵਾਕਾਂਸ਼ਾਂ ਦਾ ਅਰਥ ਇਸ ਦਸਤਾਵੇਜ਼ ਵਿੱਚ ਹੇਠਾਂ ਦਿੱਤੇ ਗਏ ਅਰਥਾਂ ਅਨੁਸਾਰ ਹੋਣਗੇ ਜਦੋਂ ਤੱਕ ਇਹਨਾਂ ਦੇ ਅਰਥ ਸੰਦਰਭ ਦੇ ਉਲਟ ਨਹੀਂ ਹੁੰਦੇ:

"**ਵਾਲੇਟ**" ਜਾਂ "**ਐਕਸਿਸ ਮੋਬਾਈਲ ਐਪਲੀਕੇਸ਼ਨ**" ਜਾਂ "**ਐਕਸਿਸ ਮੋਬਾਈਲ**" ਦਾ ਅਰਥ ਹੈ ਭਾਰਤ ਵਿੱਚ ਐਕਸਿਸ ਬੈਂਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਦਿੱਤਾ ਜਾਣ ਵਾਲਾ ਐਕਸਿਸ ਮੋਬਾਈਲ ਐਪਲੀਕੇਸ਼ਨ ਵਿਕਲਪ, ਗਾਹਕ ਇਸ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਐਕਸਿਸ ਬੈਂਕ ਵਲੋਂ ਆਫਰ ਕੀਤੇ ਗਏ ਵੱਖ-ਵੱਖ ਪ੍ਰੋਡਕਟ ਅਤੇ ਸੇਵਾਵਾਂ ਦਾ ਲਾਭ ਲੈਣ ਲਈ ਐਕਸਿਸ ਮੋਬਾਈਲ ਐਪਲੀਕੇਸ਼ਨ ਨੂੰ ਆਈਓਐਸ ਅਤੇ ਐਂਡਰਾਈਡ ਮੋਬਾਈਲ ਆਪਰੇਟਿੰਗ ਸਿਸਟਮ ਲਈ ਐਪ ਸਟੋਰ ਅਤੇ Google ਪਲੇ ਸਟੋਰ ਤੋਂ ਡਾਊਨਲੋਡ ਕਰ ਸਕਦਾ ਹੈ.

"**ਖਾਤਾ ਧਾਰਕ**" ਦਾ ਅਰਥ ਉਸ ਗਾਹਕ ਤੋਂ ਹੋਵੇਗਾ, ਜੋ ਐਕਸਿਸ ਬੈਂਕ ਦਾ ਗਾਹਕ ਹੈ ਅਤੇ ਜਿਸ ਕੋਲ ਕਿਰਿਆਸ਼ੀਲ ਬਚਤ ਬੈਂਕ ਖਾਤਾ ਹੈ. ਗੈਰ-ਨਿਵਾਸੀ ਭਾਰਤੀ (ਐਨਆਰਆਈ), ਵਿਦੇਸ਼ੀ ਖਾਤਾ ਧਾਰਕ ਅਤੇ ਨਾਬਾਲਗ ਸੇਵਾਵਾਂ ਲਈ ਰਜਿਸਟਰ ਕਰਨ ਦੇ ਯੋਗ ਨਹੀਂ ਹਨ.

"**ਖਾਤਾ(ਖਾਤੇ)**" ਦਾ ਅਰਥ ਐਕਸਿਸ ਬੈਂਕ ਕੋਲ ਕਿਸੇ ਵੀ ਗਾਹਕ ਵਲੋਂ ਰੱਖੇ ਗਏ ਇੱਕ ਕਿਰਿਆਸ਼ੀਲ ਬੱਚਤ ਬੈਂਕ ਖਾਤੇ ਤੋਂ ਹੋਵੇਗਾ, ਜਿਸ ਦਾ ਵੇਰਵਾ ਗਾਹਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਰਜਿਸਟਰੇਸ਼ਨ ਜਾਂ ਪ੍ਰਮਾਣਿਕਤਾ ਪ੍ਰਕਿਰਿਆ ਦੌਰਾਨ ਪ੍ਰਦਾਨ ਕੀਤਾ ਗਿਆ ਹੈ ਅਤੇ ਇਸ ਵਿੱਚ ਐਕਸਿਸ ਬੈਂਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ 'ਤੇ ਆਫਰ ਕੀਤਾ ਗਿਆ ਐਕਸਿਸ ਬਚਤ ਖਾਤਾ ਵੀ ਸ਼ਾਮਲ ਹੋਵੇਗਾ.

"**ਬੈਂਕ**" ਅਤੇ "**ਐਕਸਿਸ ਬੈਂਕ**" ਦਾ ਅਰਥ ਐਕਸਿਸ ਬੈਂਕ ਲਿਮਿਟੇਡ ਤੋਂ ਹੈ, ਜੋ ਕੰਪਨੀਜ਼ ਐਕਟ 1956 ਤਹਿਤ ਇੱਕ ਰਜਿਸਟਡ ਕੰਪਨੀ ਹੈ ਅਤੇ ਜਿਸ ਨੂੰ ਬੈਂਕਿੰਗ ਰੈਗੂਲੇਸ਼ਨ ਐਕਟ, 1949 ਤਹਿਤ ਬੈਂਕ ਦੇ ਰੂਪ ਵਿੱਚ ਲਾਇਸੰਸ ਪ੍ਰਾਪਤ ਹੈ. ਇਸ ਦਾ ਰਜਿਸਟਰਡ ਦਫਤਰ 'ਤ੍ਰਿਸ਼ੂਲ', 3ਜਾ ਫਲੋਰ, ਸਮਰਥੇਸ਼ਵਰ ਮੰਦਿਰ ਦੇ ਸਾਹਮਣੇ, ਲਾਅ ਗਾਰਡਨ, ਐਲਿਸ ਬ੍ਰਿਜ, ਅਹਿਮਦਾਬਾਦ 380 006, ਗੁਜਰਾਤ ਵਿਖੇ ਅਤੇ ਕਾਰਪੋਰੇਟ ਦਫਤਰ ਐਕਸਿਸ ਹਾਊਸ, ਵਾਡੀਆ ਇੰਟਰਨੈਸ਼ਨਲ ਸੈਂਟਰ, ਬੰਬੇ ਡਾਇੰਗ ਮਿਲਸ ਕੰਪਾਉਂਡ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ - 400 025 ਵਿਖੇ ਸਥਿਤ ਹੈ.
ਇਹ ਸ਼ਬਦ ਬੈਂਕ ਦੇ ਕਿਸੇ ਵੀ 'ਸਹਿਯੋਗੀ' ਨੂੰ ਵੀ ਸ਼ਾਮਲ ਕਰਦੀ ਹੈ, ਜਿਸ ਦਾ ਅਰਥ ਹੈ ਅਤੇ ਇਸ ਵਿੱਚ ਉਹ ਹਰ ਕੰਪਨੀ ਸ਼ਾਮਲ ਹੋਵੇਗੀ ਜੋ ਬੈਂਕ ਦੀ ਹੋਲਡਿੰਗ ਕੰਪਨੀ ਜਾਂ ਸਹਾਇਕ ਕੰਪਨੀ ਹੋਵੇ, ਜਾਂ ਕੋਈ ਵੀ ਵਿਅਕਤੀ ਜੋ ਬੈਂਕ ਦੇ ਨਿਯੰਤਰਣ ਹੇਠ ਹੋਵੇ, ਜਾਂ ਜਿਸ ਵਿੱਚ ਬੈਂਕ ਦੀ ਸਿੱਧੀ ਜਾਂ ਲਾਭਕਾਰੀ ਹਿੱਸੇਦਾਰੀ ਉਸ ਵਿਅਕਤੀ ਦੇ ਵੋਟਿੰਗ ਸਿਕਿਓਰਿਟੀਜ਼ ਵਿੱਚ 26% ਤੋਂ ਵੱਧ ਹੋਵੇ. ਇਸ ਪਰਿਭਾਸ਼ਾ ਦੇ ਉਦੇਸ਼ ਲਈ, ਜਦੋਂ ਕਿਸੇ ਵਿਅਕਤੀ ਦੇ ਸੰਬੰਧ ਵਿੱਚ "ਨਿਯੰਤਰਣ" ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਅਜਿਹੇ ਵਿਅਕਤੀ ਦੀ ਪ੍ਰਬੰਧਨ ਅਤੇ ਨੀਤੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ, ਭਾਵੇਂ ਵੋਟ ਕੈਰਿੰਗ ਸਿਕਿਓਰਿਟੀਜ਼ ਦੀ ਮਲਕੀਅਤ ਰਾਹੀਂ, ਇਕਰਾਰਨਾਮੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਨਿਰਦੇਸ਼ਤ ਕਰਨ ਦੀ ਸ਼ਕਤੀ ਤੋਂ ਹੋਵੇਗਾ; ਅਤੇ "ਵਿਅਕਤੀ" ਦਾ ਅਰਥ ਹੈ ਇੱਕ ਕੰਪਨੀ, ਕਾਰਪੋਰੇਸ਼ਨ, ਪਾਰਟਨਰਸ਼ਿਪ, ਟਰੱਸਟ ਜਾਂ ਕੋਈ ਹੋਰ ਸੰਸਥਾ ਜਾਂ ਸੰਗਠਨ ਜਾਂ ਕੋਈ ਹੋਰ ਇਕਾਈ.

"**ਕ੍ਰੈਡਿਟ ਕਾਰਡ**" ਦਾ ਅਰਥ ਹੈ ਐਕਸਿਸ ਬੈਂਕ ਵਲੋਂ ਜਾਰੀ ਕੀਤਾ ਗਿਆ ਗਾਹਕ ਦਾ ਐਕਟਿਵ ਕ੍ਰੈਡਿਟ ਕਾਰਡ ਜੋ ਗਾਹਕ ਦੇ ਮੋਬਾਈਲ ਨੰਬਰ ਨਾਲ ਲਿੰਕ ਹੈ ਜਾਂ ਭਾਰਤ ਵਿੱਚ ਕਿਸੇ ਹੋਰ ਬੈਂਕ ਵਲੋਂ ਜਾਰੀ ਕੀਤਾ ਗਿਆ ਹੈ.

"**ਡੈਬਿਟ ਕਾਰਡ**" ਦਾ ਅਰਥ ਹੈ ਐਕਸਿਸ ਬੈਂਕ ਵਲੋਂ ਖਾਤਾ ਧਾਰਕ ਨੂੰ ਜਾਰੀ ਕੀਤਾ ਗਿਆ ਗਾਹਕ ਦਾ ਐਕਟਿਵ ਡੈਬਿਟ ਕਾਰਡ, ਜੋ ਗਾਹਕ ਦੇ ਮੋਬਾਈਲ ਨੰਬਰ ਨਾਲ ਲਿੰਕ ਹੈ ਜਾਂ ਭਾਰਤ ਵਿੱਚ ਕਿਸੇ ਹੋਰ ਬੈਂਕ ਵਲੋਂ ਜਾਰੀ ਕੀਤਾ ਗਿਆ ਹੈ.

"**ਇੰਟਰਨੈੱਟ ਬੈਂਕਿੰਗ ਆਈਡੀ**" ਦਾ ਅਰਥ ਹੈ ਗਾਹਕ ਨੂੰ ਪ੍ਰਦਾਨ ਕੀਤੀ ਗਈ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਗਾਹਕ ਆਈਡੀ, ਜਿਸ ਰਾਹੀਂ ਉਹ www.axis.bank.in. 'ਤੇ ਉਪਲੱਬਧ ਇੰਟਰਨੈੱਟ ਬੈਂਕਿੰਗ ਪੋਰਟਲ ਰਾਹੀਂ ਐਕਸਿਸ ਬੈਂਕ ਵਲੋਂ ਆਫਰ ਕੀਤੇ ਗਏ ਪ੍ਰੋਡਕਟ ਅਤੇ ਸੇਵਾਵਾਂ ਨੂੰ ਐਕਸੈਸ ਕਰ ਸਕਦਾ ਹੈ

"**ਕਾਨੂੰਨ**" ਵਿੱਚ ਕੋਈ ਵੀ ਸੰਵਿਧਾਨ, ਅਧਿਨਿਯਮ, ਕਾਨੂੰਨ, ਰੂਲ, ਰੈਗੂਲੇਸ਼ਨ, ਆਰਡੀਨੈਂਸ, ਫੈਸਲਾ, ਆਰਡਰ, ਅਧਿਕਾਰਤ ਆਦੇਸ਼, ਅਧਿਕਾਰ ਜਾਂ ਰਿਜ਼ਰਵ ਬੈਂਕ ਆਫ ਇੰਡੀਆ ਦੇ ਲਾਗੂ ਸਰਕੂਲਰ, ਨਿਰਦੇਸ਼, ਦਿਸ਼ਾ-ਨਿਰਦੇਸ਼, ਜ਼ਰੂਰਤਾਂ ਜਾਂ ਕਾਨੂੰਨ ਦੀ ਸ਼ਕਤੀ ਵਾਲੀ ਸਰਕਾਰੀ ਪਾਬੰਦੀ, ਜਾਂ ਕਿਸੇ ਵੀ ਨਿਆਂਇਕ ਅਥਾਰਟੀ ਵਲੋਂ ਉਪਰ ਦੱਸਿਆਂ ਵਿੱਚੋਂ ਕਿਸੇ ਦਾ ਕੋਈ ਵੀ ਨਿਰਣਾ ਜਾਂ ਵਿਆਖਿਆ ਸ਼ਾਮਲ ਹੈ, ਭਾਵੇਂ ਇਹ ਰਜਿਸਟਰੇਸ਼ਨ ਦੀ ਤਾਰੀਖ ਤੋਂ ਜਾਂ ਉਸ ਤੋਂ ਬਾਅਦ ਪ੍ਰਭਾਵੀ ਹੋਵੇ ਅਤੇ ਸਮੇਂ-ਸਮੇਂ 'ਤੇ ਸੰਸ਼ੋਧਿਤ ਕੀਤਾ ਗਿਆ ਹੋਵੇ.

"**ਐਕਸਿਸ ਮੋਬਾਈਲ ਐਪਲੀਕੇਸ਼ਨ**" ਦਾ ਅਰਥ ਹੈ ਵਰਚੁਅਲ ਅਤੇ/ਜਾਂ ਭੌਤਿਕ ਸੈਮੀ ਕਲੋਜ਼ਡ ਪ੍ਰੀਪੇਡ ਭੁਗਤਾਨ ਸਾਧਨ ਜਿਸ ਵਿੱਚ ਮਾਸਿਕ ਟ੍ਰਾਂਜ਼ੈਕਸ਼ਨ ਅਤੇ ਬੈਲੇਂਸ ਸੀਮਾ ਆਰਬੀਆਈ ਵਲੋਂ ਨਿਰਧਾਰਿਤ ਵਾਲੇਟ ਸੀਮਾਵਾਂ ਦੇ ਅਨੁਸਾਰ ਹੋਵੇਗੀ ਅਤੇ ਜੋ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਐਕਸਿਸ ਬੈਂਕ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ. ਐਕਸਿਸ ਬੈਂਕ ਨੇ "ਭਾਰਤ ਵਿੱਚ ਪ੍ਰੀਪੇਡ ਭੁਗਤਾਨ ਸਾਧਨਾਂ ਨੂੰ ਜਾਰੀ ਕਰਨ ਅਤੇ ਸੰਚਾਲਨ" ਸਬੰਧੀ ਆਰਬੀਆਈ ਦੀ ਨੀਤੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇਹ ਪ੍ਰੀਪੇਡ ਭੁਗਤਾਨ ਸਾਧਨ ਪੇਸ਼ ਕੀਤਾ ਹੈ.

"**ਮੋਬਾਈਲ ਫੋਨ ਨੰਬਰ**" ਦਾ ਅਰਥ ਹੈ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਰਜਿਸਟਰੇਸ਼ਨ ਦੇ ਦੌਰਾਨ ਗਾਹਕ ਵਲੋਂ ਨਿਰਧਾਰਿਤ ਫੋਨ ਨੰਬਰ. ਜੇ ਗਾਹਕ ਇੱਕ "ਐਕਸਿਸ ਬੈਂਕ ਗਾਹਕ" ਦੇ ਰੂਪ ਵਿੱਚ ਰਜਿਸਟਰ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਐਕਸਿਸ ਬੈਂਕ ਵਲੋਂ ਪੇਸ਼ ਕੀਤੇ ਗਏ ਮੋਬਾਈਲ ਜਾਂ ਐਸਐਮਐਸ ਬੈਂਕਿੰਗ ਸੁਵਿਧਾ ਲਈ ਰਜਿਸਟਰਡ ਫੋਨ ਨੰਬਰ ਦੀ ਵਰਤੋਂ ਕਰਨੀ ਪਵੇਗੀ. ਕਿਸੇ ਹੋਰ ਫੋਨ ਨੰਬਰ ਨੂੰ "ਗੈਰ-ਐਕਸਿਸ ਬੈਂਕ ਗਾਹਕ" ਮੰਨਿਆ ਜਾਵੇਗਾ.

"**ਮੋਬਾਈਲ ਫੋਨ**" ਦਾ ਅਰਥ ਹੈ ਇੱਕ ਵੈਧ ਸਿਮ ਕਾਰਡ ਯੋਗ ਸਮਾਰਟਫੋਨ (ਆਈਓਐਸ ਜਾਂ ਐਂਡਰਾਈਡ ਆਪਰੇਟਿੰਗ ਸਿਸਟਮ 'ਤੇ ਚੱਲ ਰਿਹਾ ਹੈ), ਜੋ ਕਿ ਗਾਹਕ ਦੀ ਮਲਕੀਅਤ ਅਧੀਨ ਹੈ.

"**ਪੈਸੇ**" ਦਾ ਅਰਥ ਹੈ ਖਾਤੇ ਜਾਂ ਵਾਲੇਟ ਜਾਂ ਕ੍ਰੈਡਿਟ ਕਾਰਡ ਜਾਂ ਕਿਸੇ ਹੋਰ ਵਿੱਤੀ ਸਾਧਨ ਵਿੱਚ ਭਾਰਤੀ ਰੁਪਏ (ਆਈਐਨਆਰ) ਦੇ ਰੂਪ ਵਿੱਚ ਰੱਖੇ ਗਏ ਫੰਡ.

"**ਨਿੱਜੀ ਜਾਣਕਾਰੀ**" ਦਾ ਅਰਥ ਹੈ ਗਾਹਕ ਵਲੋਂ ਸਵੈ-ਇੱਛਾ ਨਾਲ ਪ੍ਰਦਾਨ ਕੀਤੀ ਗਈ ਅਤੇ ਸੇਵਾਵਾਂ ਦੇ ਸੰਬੰਧ ਵਿੱਚ ਐਕਸਿਸ ਬੈਂਕ ਵਲੋਂ ਗਾਹਕ ਦੀ ਸਹਿਮਤੀ ਨਾਲ ਪ੍ਰਾਪਤ ਕੀਤੀ ਗਈ ਕੋਈ ਵੀ ਜਾਣਕਾਰੀ.

"**ਰਜਿਸਟਰਡ ਗਾਹਕ**" ਦਾ ਅਰਥ ਉਸ ਗਾਹਕ ਤੋਂ ਹੈ ਜਿਸ ਨੇ ਐਕਸਿਸ ਮੋਬਾਈਲ ਐਪਲੀਕੇਸ਼ਨ ਲਈ ਰਜਿਸਟਰ ਕੀਤਾ ਹੈ.

"**ਸੇਵਾਵਾਂ**" ਦਾ ਅਰਥ ਐਕਸਿਸ ਬੈਂਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਪ੍ਰਦਾਨ ਕੀਤੇ ਜਾਣ ਵਾਲੇ ਸਾਰੇ ਪ੍ਰੋਡਕਟ ਅਤੇ ਸੇਵਾਵਾਂ ਤੋਂ ਹੈ, ਜਿਵੇਂ ਕਿ ਇਨ੍ਹਾਂ ਸ਼ਰਤਾਂ ਦੇ ਕਲਾਜ਼ 4 ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ.

"**ਟ੍ਰਾਂਜ਼ੈਕਸ਼ਨ**" ਦਾ ਭਾਵ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਕੀਤੇ ਸਾਰੇ ਐਕਸਿਸ ਮੋਬਾਈਲ ਐਪਲੀਕੇਸ਼ਨ ਟ੍ਰਾਂਜ਼ੈਕਸ਼ਨ ਤੋਂ ਹੈ.

"**ਗਾਹਕ**" ਦਾ ਅਰਥ ਐਕਸਿਸ ਬੈਂਕ ਦੇ ਯੋਗ ਖਾਤਾ ਧਾਰਕ ਦੇ ਨਾਲ-ਨਾਲ ਕਿਸੇ ਹੋਰ ਵਿਅਕਤੀ (ਬੈਂਕ ਨਾਲ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ) ਤੋਂ ਹੈ ਜਿਸ ਨੇ ਐਕਸਿਸ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕੀਤੀ ਹੈ ਅਤੇ ਐਕਸਿਸ ਬੈਂਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਆਫਰ ਕੀਤੀ ਗਈ ਸੇਵਾ ਦਾ ਲਾਭ ਲੈਣ ਲਈ ਐਕਸਿਸ ਬੈਂਕ ਕੋਲ ਰਜਿਸਟਰ ਕੀਤਾ ਹੈ.

"**ਵੈੱਬਸਾਈਟ**" ਦਾ ਅਰਥ ਐਕਸਿਸ ਬੈਂਕ ਦੀ ਮਲਕੀਅਤ ਵਾਲੀ, ਉਸ ਵੱਲੋਂ ਬਣਾਈ ਗਈ ਅਤੇ ਰੱਖ-ਰਖਾਵ ਕੀਤੀ ਗਈ ਵੈੱਬਸਾਈਟ ਤੋਂ ਹੋਵੇਗਾ ਜਿਵੇਂ ਕਿ: www.axis.bank.in ਅਤੇ www.axisbank.co.in ਜਾਂ ਕੋਈ ਹੋਰ ਵੈੱਬਸਾਈਟ ਜਿਸ ਨੂੰ ਸਮੇਂ-ਸਮੇਂ 'ਤੇ ਐਕਸਿਸ ਬੈਂਕ ਵਲੋਂ ਹੋਸਟ ਕੀਤਾ ਜਾਂਦਾ ਹੈ.

ਇਨ੍ਹਾਂ ਸ਼ਰਤਾਂ ਦੇ ਉਦੇਸ਼ਾਂ ਲਈ, ਜਦੋਂ ਤੱਕ ਕੋਈ ਵਿਰੋਧੀ ਮਨਸ਼ਾ ਪ੍ਰਗਟ ਨਾ ਹੋਵੇ:

a. ਗਾਹਕ ਲਈ ਪੁਰਸ਼ ਲਿੰਗ ਵਿੱਚ ਕੀਤੇ ਗਏ ਸਾਰੇ ਹਵਾਲੇ ਇਸਤਰੀ ਲਿੰਗ ਨੂੰ ਵੀ ਸ਼ਾਮਲ ਮੰਨੇ ਜਾਣਗੇ.
b. "ਸੋਧ" ਦੇ ਕਿਸੇ ਵੀ ਸੰਦਰਭ ਵਿੱਚ ਇੱਕ ਪੂਰਕ, ਸੋਧ, ਨਵੀਨਤਾ, ਬਦਲੀ ਜਾਂ ਦੁਬਾਰਾ ਲਾਗੂ ਕਰਨਾ ਸ਼ਾਮਲ ਹੈ ਅਤੇ "ਸੰਸ਼ੋਧਿਤ" ਦਾ ਅਰਥ ਵੀ ਉਸੇ ਅਨੁਸਾਰ ਮੰਨਿਆ ਜਾਵੇਗਾ;
c. ਇੱਕ "ਅਧਿਕਾਰਤ ਕਰਨ" ਜਾਂ "ਪ੍ਰਵਾਨਗੀ" ਵਿੱਚ ਅਧਿਕਾਰਤ ਕਰਨਾ, ਸਹਿਮਤੀ, ਕਲੀਅਰੈਂਸ, ਪ੍ਰਵਾਨਗੀ, ਆਗਿਆ, ਮਤਾ, ਲਾਇਸੈਂਸ, ਛੂਟ, ਫਾਈਲਿੰਗ ਅਤੇ ਰਜਿਸਟਰੇਸ਼ਨ ਸ਼ਾਮਲ ਹੈ;
d. ਇੱਕਵਚਨ ਵਿੱਚ ਬਹੁਵਚਨ (ਅਤੇ ਇਸਦਾ ਉਲਟ ਵੀ) ਸ਼ਾਮਲ ਹੈ;

**ਯੋਗਤਾ**

I. ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਆਫਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਉਨ੍ਹਾਂ ਗਾਹਕਾਂ ਲਈ ਉਪਲਬਧ ਹੋਣਗੀਆਂ ਜੋ ਭਾਰਤੀ ਨਾਗਰਿਕ ਹਨ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਰਜਿਸਟਰੇਸ਼ਨ ਕਰਨ ਦੀ ਤਾਰੀਖ ਤੱਕ 18 ਸਾਲ ਤੋਂ ਵੱਧ ਉਮਰ ਦੇ ਹੋਣ, ਬਸ਼ਰਤੇ ਉਹ ਐਕਸਿਸ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰਨ, ਇਸ ਨੂੰ ਸਫਲਤਾਪੂਰਵਕ ਇੰਸਟਾਲ ਕਰਨ ਅਤੇ ਉਸ ਤੋਂ ਬਾਅਦ ਲਾਗੂ ਕ੍ਰੀਡੈਂਸ਼ੀਅਲ ਨਾਲ ਖੁਦ ਨੂੰ ਪ੍ਰਮਾਣਿਤ ਕਰਨ ਅਤੇ ਆਪਣਾ ਐਮ-ਪਿੰਨ ਸੈੱਟ ਕਰਨ.

II. ਸੇਵਾਵਾਂ ਪ੍ਰਾਪਤ ਕਰਨ ਲਈ, ਗਾਹਕ ਨੂੰ ਸਭ ਤੋਂ ਪਹਿਲਾਂ ਲੋੜੀਂਦੇ ਕ੍ਰੀਡੈਂਸ਼ੀਅਲ ਨਾਲ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਰਜਿਸਟਰੇਸ਼ਨ ਕਰਨੀ ਹੋਵੇਗੀ, ਜਿਸ ਤੋਂ ਬਾਅਦ ਇਸ ਸੰਬੰਧੀ ਪ੍ਰਕਿਰਿਆ ਗਾਹਕ ਵੱਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਉਥੇ ਹੀ ਅਪਣਾਈ ਜਾਵੇਗੀ.

III. ਇਹ ਸੇਵਾਵਾਂ ਸਿਰਫ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਗਾਹਕ ਲਈ ਉਪਲਬਧ ਕਰਵਾਈਆਂ ਜਾਣਗੀਆਂ ਅਤੇ ਇਹ ਸੇਵਾਵਾਂ ਐਕਸਿਸ ਬੈਂਕ ਵੱਲੋਂ ਅਪਣੀ ਮਰਜ਼ੀ ਅਨੁਸਾਰ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਇਹ ਸੇਵਾਵਾਂ ਐਕਸਿਸ ਬੈਂਕ ਵਲੋਂ ਕਿਸੇ ਵੀ ਵੇਲੇ ਗਾਹਕ ਨੂੰ ਸੂਚਿਤ ਕਰਕੇ ਜਾਂ ਬਿਨਾਂ ਕਿਸੇ ਪੂਰਵ ਸੂਚਨਾ ਦੇ ਬੰਦ ਕੀਤੀਆਂ ਜਾ ਸਕਦੀਆਂ ਹਨ.

IV. ਗਾਹਕ ਸਮਝਦਾ ਹੈ ਅਤੇ ਸਵੀਕਾਰ ਕਰਦਾ ਹੈ ਕਿ ਸੇਵਾਵਾਂ ਨੂੰ ਐਕਸੈਸ ਕਰਨ ਲਈ ਕੋਈ ਵੀ ਲੋੜੀਂਦੀ ਸ਼ਰਤ, ਜਿਸ ਵਿੱਚ ਮੋਬਾਈਲ ਡਿਵਾਈਸ, ਡਾਟਾ ਕਨੈਕਸ਼ਨ ਆਦਿ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ, ਸਬੰਧੀ ਗਾਹਕ ਦੀ ਪੂਰੀ ਜ਼ਿੰਮੇਵਾਰੀ ਹੋਵੇਗੀ.

V. ਸੇਵਾਵਾਂ ਦਾ ਲਾਭ ਲੈਣ ਲਈ ਐਕਸਿਸ ਮੋਬਾਈਲ ਐਪਲੀਕੇਸ਼ਨ ਲਈ ਰਜਿਸਟਰ ਕਰਕੇ, ਗਾਹਕ ਇਨ੍ਹਾਂ ਨਿਯਮਾਂ ਦੇ ਨਾਲ-ਨਾਲ ਨਿਰਧਾਰਿਤ ਸੇਵਾਵਾਂ ("ਸੇਵਾ ਦੀਆਂ ਸ਼ਰਤਾਂ") ਦੇ ਸਬੰਧ ਵਿੱਚ ਕੁਝ ਹੋਰ ਸੇਵਾ ਸਬੰਧੀ ਨਿਯਮਾਂ ਅਤੇ ਸ਼ਰਤਾਂ, ਜੋ ਲਾਗੂ ਹੋ ਸਕਦੀਆਂ ਹਨ, ਨੂੰ ਸਵੀਕਾਰ ਕਰਦਾ ਹੈ, ਜਿਹਨਾਂ ਬਾਰੇ ਸਮੇਂ-ਸਮੇਂ 'ਤੇ ਗਾਹਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਗਾਹਕ ਵੱਲੋਂ ਇਹਨਾਂ ਸੇਵਾਵਾਂ ਦਾ ਲਾਭ ਲੈਣਾ ਜਾਰੀ ਰੱਖਣਾ ਅਜਿਹੀਆਂ ਸੇਵਾ ਸ਼ਰਤਾਂ ਪ੍ਰਤੀ ਉਸ ਦੀ ਬਿਨਾਂ ਸ਼ਰਤ ਸਵੀਕ੍ਰਿਤੀ 'ਤੇ ਨਿਰਭਰ ਕਰਦਾ ਹੈ ਅਤੇ ਗਾਹਕ ਇਸ ਸਬੰਧੀ ਪਾਬੰਧ ਹੋਣਗੇ.

**ਐਕਸਿਸ ਮੋਬਾਈਲ ਐਪਲੀਕੇਸ਼ਨ**

**ਰਿਫੰਡ**

ਸਾਰੇ ਰਿਫੰਡ ਅਤੇ ਰਿਵਰਸਲ ਸਰੋਤ ਖਾਤੇ ਵਿੱਚ ਕ੍ਰੈਡਿਟ ਕਰ ਦਿੱਤੇ ਜਾਣਗੇ, ਭਾਵ ਉਸ ਖਾਤੇ ਵਿੱਚ ਜਿਸ ਵਿੱਚੋਂ ਇਸ ਨੂੰ ਡੈਬਿਟ ਕੀਤਾ ਗਿਆ ਸੀ. ਅਸਫਲ/ਵਾਪਸ/ਅਸਵੀਕਾਰ/ਰੱਦ ਕੀਤੇ ਗਏ ਟ੍ਰਾਂਜ਼ੈਕਸ਼ਨ ਦੇ ਮਾਮਲੇ ਵਿੱਚ, ਰਿਫੰਡ ਆਰਬੀਆਈ ਵਲੋਂ ਨਿਰਧਾਰਿਤ ਵਾਲੇਟ ਸੀਮਾਵਾਂ ਅਨੁਸਾਰ ਕੀਤੇ ਜਾਣਗੇ. ਇਹਨਾਂ ਸੀਮਾਵਾਂ ਵਿੱਚ ਬੈਂਕ ਵੱਲੋਂ ਆਪਣੀ ਮਰਜ਼ੀ ਅਨੁਸਾਰ ਜਾਂ ਲਾਗੂ ਕਾਨੂੰਨਾਂ ਜਾਂ ਕਿਸੇ ਵੀ ਰੈਗੂਲੇਟਰੀ ਬਦਲਾਅ ਅਨੁਸਾਰ ਸਮੇਂ-ਸਮੇਂ 'ਤੇ ਬਦਲਾਅ ਕੀਤੇ ਜਾ ਸਕਦੇ ਹਨ.

**ਰੀਚਾਰਜ:**

a. ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਪ੍ਰੀਪੇਡ ਮੋਬਾਈਲ ਰੀਚਾਰਜ ਕਰਨ ਲਈ ਕੀਤੀ ਜਾ ਸਕਦੀ ਹੈ. ਐਕਸਿਸ ਕੋਈ ਮੋਬਾਈਲ ਸੇਵਾ ਪ੍ਰਦਾਨ ਨਹੀਂ ਕਰਦਾ ਅਤੇ ਸਿਰਫ ਟੈਲੀਕਮਿਊਨਿਕੇਸ਼ਨ ਸੇਵਾ ਪ੍ਰਦਾਤਾ ਜਾਂ ਅਜਿਹੇ ਪ੍ਰੀਪੇਡ ਰੀਚਾਰਜ ਪ੍ਰਦਾਤਾ ('ਟੈਲਕੋ' ਜਾਂ 'ਟੈਲਕੋਜ਼') ਜਾਂ ਅਜਿਹੇ ਟੈਲਕੋ ਦੇ ਹੋਰ ਡਿਸਟ੍ਰੀਬਿਯੂਟਰ ਜਾਂ ਐਗ੍ਰੀਗੇਟਰ ਦੀ ਪ੍ਰੀਪੇਡ ਮੋਬਾਈਲ ਸੇਵਾਵਾਂ ਦਾ ਮੁੜ-ਵਿਕਰੇਤਾ ਹੈ. ਐਕਸਿਸ ਟੈਲਕੋ ਵਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਵਾਰੰਟਰ, ਬੀਮਾਕਰਤਾ ਜਾਂ ਗਾਰੰਟਰ ਨਹੀਂ ਹੈ.

b. ਐਕਸਿਸ ਰਾਹੀਂ ਕੀਤੇ ਗਏ ਰੀਚਾਰਜ 'ਤੇ ਪ੍ਰਕਿਰਿਆ ਕਰਨ ਵਿੱਚ 3 ਤੋਂ 4 ਕੰਮਕਾਜੀ ਦਿਵਸ ਲਗ ਸਕਦੇ ਹਨ. ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਗਾਹਕ ਨੂੰ ਵੇਚੇ ਗਏ ਰੀਚਾਰਜ ਨੂੰ ਟੈਲਕੋ ਵਲੋਂ ਸਮਝੌਤੇ ਦੀ ਕਿਸੇ ਵੀ ਉਲੰਘਣਾ ਲਈ ਬੈਂਕ ਵਿਰੁੱਧ ਬਿਨਾਂ ਕਿਸੇ ਕਾਰਵਾਈ ਦੇ ਅਧਿਕਾਰ ਤੋਂ ਵੇਚਿਆ ਜਾਂਦਾ ਹੈ. ਖਰੀਦੇ ਗਏ ਰੀਚਾਰਜ ਦੀ ਗੁਣਵੱਤਾ, ਮਿੰਟ, ਲਾਗਤ, ਸਮਾਪਤੀ ਜਾਂ ਹੋਰ ਸ਼ਰਤਾਂ ਦੇ ਸਬੰਧ ਵਿੱਚ ਕੋਈ ਵੀ ਵਿਵਾਦ ਸਿੱਧੇ ਗਾਹਕ (ਜਾਂ ਰੀਚਾਰਜ ਪ੍ਰਾਪਤਕਰਤਾ) ਅਤੇ ਟੈਲਕੋ

ਵਿਚਕਾਰ ਨਿਪਟਾਇਆ ਜਾਣਾ ਚਾਹੀਦਾ ਹੈ.

c. ਐਕਸਿਸ ਬੈਂਕ ਅਤੇ ਇਸ ਦੇ ਬਿਜ਼ਨੈਸ ਪਾਰਟਨਰ ਕੋਲ ਰੀਚਾਰਜ ਸੇਵਾਵਾਂ ਦਾ ਲਾਭ ਲੈਣ ਲਈ ਗਾਹਕ ਤੋਂ ਫੀਸ ਲੈਣ ਅਤੇ ਵਸੂਲਣ ਦਾ ਅਧਿਕਾਰ ਹੈ. ਐਕਸਿਸ ਬੈਂਕ, ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਸ਼ੁਰੂ ਕੀਤੇ ਗਏ ਰੀਚਾਰਜ ਲਈ ਕਿਸੇ ਵੀ ਸੇਵਾ ਪ੍ਰਦਾਤਾ ਵਲੋਂ ਲਗਾਏ ਗਏ ਖਰਚੇ ਨੂੰ ਵਸੂਲ ਕਰੇਗਾ.

## ਬਿਲ ਭੁਗਤਾਨ

- "ਬਿਲ ਭੁਗਤਾਨ" ਫੀਚਰ ਗਾਹਕ ਨੂੰ ਮੋਬਾਈਲ, ਲੈਂਡਲਾਈਨ, ਡੀਟੀਐਚ, ਡਾਟਾ ਕਾਰਡ, ਬਿਜਲੀ, ਗੈਸ ਅਤੇ ਬੀਮਾ ਵਰਗੀਆਂ ਸੇਵਾਵਾਂ ਦੇ ਬਿਲ ਦਾ ਭੁਗਤਾਨ ਕਰਨ ਦੀ ਸੁਵਿਧਾ ਦਿੰਦੀ ਹੈ.
- ਜੇ ਗਾਹਕ ਨੇ ਬਿਲ ਦੇ ਭੁਗਤਾਨ ਲਈ ਸਟੈਂਡਿੰਗ ਨਿਰਦੇਸ਼ ਦਿੱਤੇ ਹਨ, ਤਾਂ ਇਹ ਯਕੀਨੀ ਬਣਾਉਣਾ ਗਾਹਕ ਦੀ ਜ਼ਿੰਮੇਵਾਰੀ ਹੋਵੇਗੀ ਕਿ ਸਰੋਤ ਖਾਤੇ/ਵਾਲੇਟ ਵਿੱਚ ਲੋੜੀਂਦਾ ਬੈਲੇਂਸ ਮੌਜੂਦ ਹੈ, ਅਤੇ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਆਟੋ ਪੇ ਦੇ ਮਾਮਲੇ ਵਿੱਚ ਚੁਣੀ ਗਈ ਤਾਰੀਖ ਨਿਰਧਾਰਤ ਤਾਰੀਖ ਤੋਂ ਘੱਟੋ-ਘੱਟ 3 ਤੋਂ 4 ਕੰਮਕਾਜੀ ਦਿਵਸ ਪਹਿਲਾਂ ਦੀ ਹੋਵੇ. ਬਿਲਰ ਵਲੋਂ ਭੁਗਤਾਨ ਵਿੱਚ ਹੋਈ ਦੇਰੀ ਲਈ ਲਗਾਏ ਖਰਚੇ ਜਾਂ ਭੁਗਤਾਨ ਵਿੱਚ ਦੇਰੀ ਦੇ ਮਾਮਲਿਆਂ ਵਿੱਚ ਐਕਸਿਸ ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ.
- ਐਕਸਿਸ ਬੈਂਕ ਅਤੇ ਇਸ ਦੇ ਬਿਜ਼ਨੈਸ ਪਾਰਟਨਰ ਕੋਲ ਬਿਲ ਭੁਗਤਾਨ ਸੇਵਾਵਾਂ ਦਾ ਲਾਭ ਲੈਣ ਲਈ ਗਾਹਕ ਤੋਂ ਫੀਸ ਲੈਣ ਅਤੇ ਵਸੂਲਣ ਦਾ ਅਧਿਕਾਰ ਹੈ. ਐਕਸਿਸ ਬੈਂਕ, ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਸ਼ੁਰੂ ਕੀਤੇ ਗਏ ਬਿਲ ਭੁਗਤਾਨ ਲਈ ਕਿਸੇ ਵੀ ਬਿਲਰ ਵਲੋਂ ਲਗਾਏ ਗਏ ਖਰਚਿਆਂ ਨੂੰ ਵਸੂਲ ਕਰੇਗਾ.
- ਐਕਸਿਸ ਬੈਂਕ ਦੇ ਬਿਜ਼ਨੈਸ ਪਾਰਟਨਰ ਅਤੇ ਬਿਲਰ ਦੇ ਆਧਾਰ 'ਤੇ, ਜਿਨ੍ਹਾਂ ਰਾਹੀਂ ਗਾਹਕ ਵਲੋਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ (i) ਸੇਵਾ ਦੀਆਂ ਖਾਸ ਵਿਸ਼ੇਸ਼ਤਾਵਾਂ ਵੱਖ-ਵੱਖ ਹੋ ਸਕਦੀਆਂ ਹਨ (ii) ਸੇਵਾ ਦੇ ਸਬੰਧ ਵਿੱਚ ਉਪਲਬਧ ਬਿਲਰ ਦੀ ਗਿਣਤੀ ਵੱਖ-ਵੱਖ ਹੋ ਸਕਦੀ ਹੈ (iii) ਭੁਗਤਾਨ ਨਿਰਦੇਸ਼ ਜਾਰੀ ਕਰਨ ਲਈ ਵਰਤੇ ਜਾ ਸਕਣ ਵਾਲੇ ਭੁਗਤਾਨ ਖਾਤੇ ਦਾ ਪ੍ਰਕਾਰ ਅਤੇ ਰੇਂਜ ਵੱਖ-ਵੱਖ ਹੋ ਸਕਦੀ ਹੈ ਅਤੇ (iv) ਮੋਡ/ਡਿਵਾਈਸ, ਜਿਸ ਰਾਹੀਂ ਸੇਵਾ ਐਕਸੈਸ ਕੀਤੀ ਜਾ ਸਕਦੀ ਹੈ, ਵੱਖ-ਵੱਖ ਹੋ ਸਕਦੇ ਹਨ; ਅਤੇ (v) ਸੇਵਾ ਜਾਂ ਸੇਵਾ ਦੇ ਕਿਸੇ ਵੀ ਪਹਿਲੂ ਦਾ ਲਾਭ ਲੈਣ ਦੇ ਖਰਚੇ ਤੇ ਫੀਸ ਵੱਖ-ਵੱਖ ਹੋ ਸਕਦੀ ਹੈ.
- ਸਮੇਂ-ਸਮੇਂ 'ਤੇ, ਐਕਸਿਸ ਬੈਂਕ ਆਪਣੀ ਮਰਜ਼ੀ ਅਨੁਸਾਰ ਬਿਲਰ ਦੀ ਅਜਿਹੀ ਸੂਚੀ ਜਾਂ ਭੁਗਤਾਨ ਖਾਤਿਆਂ ਦੇ ਪ੍ਰਕਾਰਾਂ ਵਿੱਚ ਕੁਝ ਸ਼ਾਮਲ ਜਾਂ ਹਟਾ ਸਕਦਾ ਹੈ ਜਿਸ ਦੀ ਵਰਤੋਂ ਕਿਸੇ ਬਿਲਰ ਨੂੰ ਭੁਗਤਾਨ ਕਰਨ ਲਈ ਕੀਤੀ ਜਾ ਸਕਦੀ ਹੈ.
- ਐਕਸਿਸ ਬੈਂਕ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਅਤੇ ਜੇਕਰ ਹੇਠਾਂ ਦਿੱਤੇ ਕਿਸੇ ਇੱਕ ਜਾਂ ਇਕ ਤੋਂ ਵੱਧ ਹਾਲਾਤਾਂ ਦੇ ਕਾਰਨ ਭੁਗਤਾਨ ਦੀ ਤਾਰੀਖ 'ਤੇ ਕਿਸੇ ਵੀ ਭੁਗਤਾਨ ਨਿਰਦੇਸ਼ ਨੂੰ ਪੂਰਾ ਨਹੀਂ ਕੀਤਾ ਜਾਂਦਾ ਤਾਂ ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ:
  - ਜੇ ਗਾਹਕ ਵਲੋਂ ਜਾਰੀ ਕੀਤਾ ਗਿਆ ਭੁਗਤਾਨ ਨਿਰਦੇਸ਼ ਅਧੂਰਾ, ਦੇਰੀ ਨਾਲ, ਗਲਤ ਅਤੇ ਅਵੈਧ ਹੈ.
  - ਜੇ ਭੁਗਤਾਨ ਖਾਤੇ ਵਿੱਚ ਭੁਗਤਾਨ ਨਿਰਦੇਸ਼ਾਂ ਵਿੱਚ ਦੱਸੀ ਗਈ ਰਕਮ ਦੇ ਭੁਗਤਾਨ ਲਈ ਲੋੜੀਂਦੇ ਫੰਡਾਂ ਨਾਲੋਂ ਘੱਟ ਫੰਡ ਹਨ ਜਾਂ/ਸੀਮਾ ਘੱਟ ਹੈ
  - ਜੇ ਭੁਗਤਾਨ ਖਾਤੇ ਵਿੱਚ ਉਪਲਬਧ ਫੰਡ ਕਿਸੇ ਵੀ ਭਾਰ ਜਾਂ ਖਰਚਿਆਂ ਦੇ ਅਧੀਨ ਹਨ.
  - ਜੇ ਗਾਹਕ ਦਾ ਬੈਂਕ ਭੁਗਤਾਨ ਨਿਰਦੇਸ਼ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਦੇਰੀ ਕਰਦਾ ਹੈ
  - ਜੇ ਭੁਗਤਾਨ ਪ੍ਰਾਪਤ ਹੋਣ ਤੋਂ ਬਾਅਦ ਵੀ ਬਿਲਰ ਵਲੋਂ ਭੁਗਤਾਨ 'ਤੇ ਪ੍ਰਕਿਰਿਆ ਨਹੀਂ ਕੀਤੀ ਜਾਂਦੀ.
  - ਐਕਸਿਸ ਬੈਂਕ ਦੇ ਨਿਯੰਤਰਣ ਤੋਂ ਬਾਹਰ ਦੀਆਂ ਸਥਿਤੀਆਂ

ਜੇ ਕਿਸੇ ਕਾਰਨ ਕਰਕੇ ਬਿਲ ਦਾ ਭੁਗਤਾਨ ਨਹੀਂ ਹੁੰਦਾ ਹੈ, ਤਾਂ ਗਾਹਕ ਨੂੰ ਅਸਫਲ ਭੁਗਤਾਨ ਬਾਰੇ ਸੂਚਿਤ ਕੀਤਾ ਜਾਵੇਗਾ.

## ਟ੍ਰਾਂਜ਼ੈਕਸ਼ਨ ਦੀ ਸੀਮਾ:

ਐਕਸਿਸ ਬੈਂਕ ਆਪਣੀ ਮਰਜ਼ੀ ਅਨੁਸਾਰ ਗਾਹਕ ਵੱਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਇਕ ਦਿਨ ਵਿੱਚ ਕੀਤੀਆਂ ਜਾਣ ਵਾਲੀਆਂ ਟ੍ਰਾਂਜ਼ੈਕਸ਼ਨ ਨੂੰ ਸੀਮਤ ਕਰ ਸਕਦਾ ਹੈ, ਨਵੀਂ ਸੀਮਾ ਪੇਸ਼ ਕਰ ਸਕਦਾ ਹੈ ਜਾਂ ਦੱਸੀ ਗਈ ਸੀਮਾ/ਵਾਂ ਨੂੰ ਸੰਸ਼ੋਧਿਤ ਕਰ ਸਕਦਾ

ਹੈ. ਟ੍ਰਾਂਜ਼ੈਕਸ਼ਨ ਵਿੱਚ ਫੰਡ ਟ੍ਰਾਂਸਫਰ, ਮੋਬਾਈਲ ਰੀਚਾਰਜ ਅਤੇ ਬਿਲ ਭੁਗਤਾਨ ਸ਼ਾਮਲ ਹਨ. ਜੇ ਰੋਜ਼ਾਨਾ ਦੀ ਟ੍ਰਾਂਜ਼ੈਕਸ਼ਨ ਸੀਮਾ ਸਮਾਪਤ ਹੋ ਗਈ ਹੈ, ਤਾਂ ਗਾਹਕ ਨੂੰ ਉਸ ਦਿਨ ਲਈ ਐਕਸਿਸ ਰਾਹੀਂ ਹੋਰ ਟ੍ਰਾਂਜ਼ੈਕਸ਼ਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ.

**ਆਫਰ**

- ਇਸ ਪਲੇਟਫਾਰਮ 'ਤੇ ਸੂਚੀਬੱਧ ਸਾਰੇ ਆਫਰਾਂ ਵਿੱਚ ਬਿਨਾਂ ਕਿਸੇ ਪੂਰਵ ਸੂਚਨਾ ਦੇ ਬਦਲਾਵ ਕੀਤੇ ਜਾ ਸਕਦੇ ਹਨ ਜਾਂ ਇਹ ਆਫਰ ਵਾਪਸ ਲਏ ਜਾ ਸਕਦੇ ਹਨ
- ਸਾਰੇ ਆਫਰ ਟ੍ਰਾਂਸਫਰ ਯੋਗ ਨਹੀਂ ਹਨ, ਵਿਕਰੀ ਜਾਂ ਮੁੜ-ਵਿਕਰੀ ਲਈ ਨਹੀਂ ਹਨ ਜਾਂ ਨਕਦ ਲਈ ਰਿਡੀਮ ਨਹੀਂ ਕੀਤੇ ਜਾ ਸਕਦੇ ਅਤੇ ਇਹਨਾਂ ਦਾ ਕੋਈ ਮੁਦਰਾ ਮੁੱਲ ਨਹੀਂ ਹੋ ਸਕਦਾ
- ਕੋਈ ਦੋ ਆਫਰ ਇਕੱਠੇ ਨਹੀਂ ਜੋੜੇ ਜਾ ਸਕਦੇ
- ਇੱਥੇ ਦਿੱਤੀ ਗਈ ਕੋਈ ਵੀ ਛੂਟ ਸਿਰਫ ਕੁੱਲ ਰਕਮ (ਟੈਕਸ ਜਾਂ ਕਿਸੇ ਹੋਰ ਵਾਧੂ ਖਰਚਿਆਂ ਨੂੰ ਛੱਡ ਕੇ) 'ਤੇ ਹੀ ਵੈਧ ਹੈ
- ਐਕਸਿਸ ਮੋਬਾਈਲ ਰਾਹੀਂ ਖਰੀਦ ਜਾਂ ਬੁਕਿੰਗ ਲਈ ਕੀਤੀ ਕੋਈ ਵੀ ਟ੍ਰਾਂਜ਼ੈਕਸ਼ਨ ਸੰਬੰਧਿਤ ਵਿਕਰੇਤਾਵਾਂ ਦੇ ਨਿਯਮ ਅਤੇ ਸ਼ਰਤਾਂ ਦੇ ਅਧੀਨ ਹਨ. ਆਫਰ ਦਾ ਲਾਭ ਲੈਣਾ ਆਫਰ ਦੀ ਉਪਲਬਧਤਾ ਅਤੇ ਮਰਚੈਂਟ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ
- ਵੱਖ-ਵੱਖ ਮਰਚੈਂਟ ਦੇ ਨਿਯਮ ਅਤੇ ਸ਼ਰਤਾਂ ਉਨ੍ਹਾਂ ਨਾਲ ਟ੍ਰਾਂਜ਼ੈਕਸ਼ਨ ਕਰਨ ਵਾਲੇ ਸਾਰੇ ਗਾਹਕ 'ਤੇ ਲਾਗੂ ਹੁੰਦੀਆਂ ਹਨ, ਕਿਸੇ ਵੀ ਸਥਿਤੀ ਵਿੱਚ, ਆਫਰ ਵਿੱਚ ਕਿਸੇ ਵੀ ਪ੍ਰੋਡਕਟ ਜਾਂ ਸੇਵਾ ਨੂੰ ਸ਼ਾਮਲ ਕਰਨ ਦਾ ਭਾਵ ਇਹ ਨਹੀਂ ਮੰਨਿਆ ਜਾਵੇਗਾ ਕਿ ਐਕਸਿਸ ਬੈਂਕ ਵਲੋਂ ਅਜਿਹੇ ਪ੍ਰੋਡਕਟ ਜਾਂ ਸੇਵਾ ਦਾ ਸਮਰਥਨ ਜਾਂ ਸਿਫਾਰਸ਼ ਕੀਤੀ ਜਾਂਦੀ ਹੈ

## ਐਫਏਟੀਸੀਏ- ਸੀਆਰਐਸ ਨਿਯਮ ਅਤੇ ਸ਼ਰਤਾਂ

ਕੇਂਦਰੀ ਪ੍ਰਤੱਖ ਟੈਕਸ ਬੋਰਡ ਨੇ 7 ਅਗਸਤ 2015 ਨੂੰ ਇਨਕਮ-ਟੈਕਸ ਨਿਯਮ, 1962 ਦੇ ਹਿੱਸੇ ਦੇ ਰੂਪ ਵਿੱਚ ਨਿਯਮ 114 ਐਫ ਤੋਂ 114 ਐਚ ਨੂੰ ਨੋਟੀਫਾਈ ਕੀਤਾ ਹੈ, ਇਹਨਾਂ ਨਿਯਮਾਂ ਅਨੁਸਾਰ ਭਾਰਤੀ ਵਿੱਤੀ ਸੰਸਥਾਵਾਂ ਜਿਵੇਂ ਕਿ ਬੈਂਕ ਨੂੰ ਸਾਡੇ ਸਾਰੇ ਖਾਤਾ ਧਾਰਕਾਂ ਤੋਂ ਹੋਰ ਨਿੱਜੀ, ਟੈਕਸ ਅਤੇ ਲਾਭਕਾਰੀ ਮਾਲਕ ਦੀ ਜਾਣਕਾਰੀ ਅਤੇ ਕੁਝ ਸਰਟੀਫਿਕੇਸ਼ਨ ਅਤੇ ਦਸਤਾਵੇਜ਼ ਪ੍ਰਾਪਤ ਕਰਨੇ ਹੋਣਗੇ. ਸੰਬੰਧਿਤ ਮਾਮਲਿਆਂ ਵਿੱਚ, ਖਾਤੇ ਤੋਂ ਜਾਂ ਉਸ ਦੇ ਸੰਬੰਧ ਵਿੱਚ ਕਿਸੇ ਵੀ ਭੁਗਤਾਨ 'ਤੇ ਸੁਚੱਜੇ ਢੰਗ ਨਾਲ ਰੋਕ ਲਗਾਉਣ ਦੇ ਉਦੇਸ਼ ਲਈ ਸਬੰਧਤ ਜਾਣਕਾਰੀ ਟੈਕਸ ਅਧਿਕਾਰੀਆਂ/ਨਿਯੁਕਤ ਏਜੰਸੀਆਂ/ਵਿਥਹੋਲਡਿੰਗ ਏਜੰਟ ਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ. ਜੇ ਤੁਹਾਡੇ ਵਲੋਂ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਵਿੱਚ ਕੋਈ ਬਦਲਾਵ ਹੁੰਦਾ ਹੈ, ਤਾਂ ਕਿਰਪਾ ਕਰਕੇ ਇਸ ਸਬੰਧੀ ਜਾਣਕਾਰੀ ਸਾਨੂੰ ਤੁਰੰਤ ਭਾਵ 30 ਦਿਨਾਂ ਦੇ ਅੰਦਰ ਪ੍ਰਦਾਨ ਕਰਨੀ ਯਕੀਨੀ ਬਣਾਓ. ਜੇ ਤੁਹਾਡੀ ਟੈਕਸ ਰੈਜ਼ੀਡੈਂਸੀ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ ਆਪਣੇ ਟੈਕਸ ਸਲਾਹਕਾਰ ਨਾਲ ਸੰਪਰਕ ਕਰੋ. ਜੇ ਤੁਸੀਂ ਅਮਰੀਕੀ ਨਾਗਰਿਕ ਜਾਂ ਨਿਵਾਸੀ ਜਾਂ ਗ੍ਰੀਨ ਕਾਰਡ ਧਾਰਕ ਹੋ, ਤਾਂ ਕਿਰਪਾ ਕਰਕੇ ਆਪਣੇ ਅਮਰੀਕੀ ਟੈਕਸ ਪਛਾਣ ਨੰਬਰ ਸਮੇਤ ਵਿਦੇਸ਼ੀ ਦੇਸ਼ ਦੀ ਜਾਣਕਾਰੀ ਦੇ ਖੇਤਰ ਵਿੱਚ ਸੰਯੁਕਤ ਰਾਸ਼ਟਰ ਦਰਜ ਕਰੋ. ਜੇ ਉਹ ਦੇਸ਼, ਜਿਸ ਵਿੱਚ ਤੁਸੀਂ ਟੈਕਸ ਰੈਜ਼ੀਡੈਂਸ ਹੋ, ਅਜਿਹੀ ਪਛਾਣਕਰਤਾ ਨੰਬਰ ਜਾਰੀ ਕਰਦਾ ਹੈ ਤਾਂ ਇੱਕ ਟੀਆਈਐਨ ਜਾਂ ਅਜਿਹਾ ਕੋਈ ਕਾਰਜਸ਼ੀਲ ਨੰਬਰ ਪ੍ਰਦਾਨ ਕਰਨਾ ਲਾਜ਼ਮੀ ਹੈ. ਜੇ ਹਾਲੇ ਤੱਕ ਕੋਈ ਟੀਆਈਐਨ ਉਪਲਬਧ ਨਹੀਂ ਹੈ ਜਾਂ ਹਾਲੇ ਤੱਕ ਜਾਰੀ ਨਹੀਂ ਕੀਤਾ ਗਿਆ ਹੈ, ਤਾਂ ਕਿਰਪਾ ਕਰਕੇ ਇੱਕ ਸਪਸ਼ਟੀਕਰਨ ਪ੍ਰਦਾਨ ਕਰੋ ਅਤੇ ਇਸ ਨੂੰ ਫਾਰਮ ਨਾਲ ਅਟੈਚ ਕਰੋ. ਮੈਂ ਸਮਝਦਾ/ਸਮਝਦੀ ਹਾਂ ਕਿ ਬੈਂਕ ਆਪਣੀ ਮਰਜ਼ੀ ਅਨੁਸਾਰ ਬਿਨਾਂ ਕਿਸੇ ਪੂਰਵ ਸੂਚਨਾ ਦੇ ਕਿਸੇ ਵੀ ਮੌਜੂਦਾ ਗਾਹਕ ਆਈਡੀ ਨੂੰ ਏਕੀਕ੍ਰਿਤ ਕਰ ਸਕਦਾ ਹੈ, ਮੈਂ ਦ੍ਰਿੜਤਾ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੀ ਗਈ ਜਾਣਕਾਰੀ ਅੱਪ-ਟੂ-ਡੇਟ ਅਤੇ ਸਟੀਕ ਹੈ ਅਤੇ ਮੈਂ ਇਸ ਰਾਹੀਂ ਆਪਣੇ ਹਾਲ ਹੀ ਦੀ ਫੋਟੋ ਅਤੇ ਕੇਵਾਈਸੀ ਦਸਤਾਵੇਜ਼ਾਂ ਦੀ ਫੋਟੋ ਸਬਮਿਟ ਕਰਦਾ/ਕਰਦੀ ਹਾਂ.

## ਵਾਲੇਟ ਖਾਤੇ ਦੀ ਡੋਰਮੈਂਸੀ ਅਤੇ ਕਲੋਜ਼ਰ

ਜੇ ਦਸ ਸਾਲਾਂ ਦੀ ਅਵਧੀ ਲਈ ਵਾਲੇਟ ਖਾਤੇ ਵਿੱਚ ਕੋਈ ਟ੍ਰਾਂਜ਼ੈਕਸ਼ਨ ਨਹੀਂ ਹੁੰਦੀ ਹੈ, ਤਾਂ ਖਾਤੇ ਨੂੰ ਅਕਿਰਿਆਸ਼ੀਲ ਖਾਤਾ ਮੰਨਿਆ ਜਾਵੇਗਾ. ਇਸ ਲਈ ਗਾਹਕ ਨੂੰ ਸਮੇਂ-ਸਮੇਂ 'ਤੇ ਖਾਤੇ ਵਿੱਚ ਟ੍ਰਾਂਜ਼ੈਕਸ਼ਨ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਇਹ ਅਕਿਰਿਆਸ਼ੀਲ ਨਾ ਹੋਵੇ. ਜੇ ਦਸ ਸਾਲਾਂ ਦੀ ਅਵਧੀ ਲਈ ਕੋਈ ਗਾਹਕ ਵਲੋਂ ਖਾਤੇ ਵਿੱਚ ਕੋਈ ਡੈਬਿਟ, ਕ੍ਰੈਡਿਟ ਅਤੇ/ਜਾਂ ਥਰਡ-ਪਾਰਟੀ ਟ੍ਰਾਂਜ਼ੈਕਸ਼ਨ ਨਹੀਂ ਕੀਤੀ ਜਾਂਦੀ, ਤਾਂ ਇਸ ਨੂੰ ਅਕਿਰਿਆਸ਼ੀਲ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ. ਬੈਂਕ ਵਲੋਂ ਸ਼ੁਰੂ ਕੀਤੀ ਗਈ ਕਿਸੇ ਵੀ ਟ੍ਰਾਂਜ਼ੈਕਸ਼ਨ ਨੂੰ ਗਾਹਕ ਵਲੋਂ ਕੀਤੀ ਟ੍ਰਾਂਜ਼ੈਕਸ਼ਨ ਨਹੀਂ ਮੰਨਿਆ ਜਾਵੇਗਾ. ਬੈਂਕ ਕੋਲ ਗਾਹਕ ਨੂੰ ਬਿਨਾਂ ਸੂਚਿਤ ਕੀਤੇ ਅਕਿਰਿਆਸ਼ੀਲ ਵਾਲੇਟ ਖਾਤੇ ਨੂੰ ਬੰਦ ਕਰਨ ਦਾ ਅਧਿਕਾਰ ਹੈ. ਗਾਹਕ ਵਲੋਂ ਕੀਤੀ ਗਈ ਆਖਰੀ ਟ੍ਰਾਂਜ਼ੈਕਸ਼ਨ ਦੀ ਤਾਰੀਖ ਤੋਂ 10 ਸਾਲ ਪੂਰੇ ਹੋਣ ਤੋਂ ਬਾਅਦ, ਵਾਲੇਟ

ਖਾਤੇ ਅਤੇ ਉਸ ਵਿੱਚ ਪਏ ਅਣਵਰਤੇ ਫੰਡ ਨੂੰ DEAF (ਡਿਪਾਜ਼ਿਟਰ ਅਵੇਅਰਨੈਸ ਐਂਡ ਐਜੂਕੇਸ਼ਨ ਫੰਡ) ਵਿੱਚ ਮੂਵ ਕਰ ਦਿੱਤਾ ਜਾਵੇਗਾ.

ਜੇ ਵਾਲੇਟ ਵਿੱਚ ਬੈਲੇਂਸ ਜ਼ੀਰੋ ਹੈ, ਤਾਂ ਐਕਸਿਸ ਬੈਂਕ ਕੋਲ ਗਾਹਕ ਨੂੰ ਸੂਚਿਤ ਕੀਤੇ ਬਿਨਾਂ ਕਿਸੇ ਵੀ ਵੇਲੇ ਖਾਤਾ ਬੰਦ ਕਰਨ ਦਾ ਅਧਿਕਾਰ ਹੈ.

ਐਕਸਿਸ ਬੈਂਕ ਕੋਲ ਸੇਵਾ ਪ੍ਰਦਾਤਾ ਨੂੰ ਬਦਲਣ ਜਾਂ ਐਕਸਿਸ ਦੇ ਸੇਵਾ ਪ੍ਰਦਾਨ ਕਰਨ ਦੇ ਤਰੀਕੇ ਨੂੰ ਬਦਲਣ ਦਾ ਅਧਿਕਾਰ ਹੈ. ਐਕਸਿਸ ਬੈਂਕ ਕੋਲ ਐਕਸਿਸ ਮੋਬਾਈਲ ਐਪਲੀਕੇਸ਼ਨ ਨੂੰ ਬੰਦ ਕਰਨ ਅਤੇ ਬੈਲੇਂਸ ਨੂੰ ਉਨ੍ਹਾਂ ਦੇ ਐਕਸਿਸ ਬਚਤ ਖਾਤੇ ਵਿੱਚ ਮੂਵ ਕਰਨ ਦਾ ਅਧਿਕਾਰ ਹੈ.
ਐਕਸਿਸ ਬੈਂਕ ਵੱਲੋਂ ਸੇਵਾ ਪ੍ਰਦਾਤਾ ਦੇ ਬਦਲਾਅ ਦੀ ਤਾਰੀਖ ਤੋਂ 60 ਦਿਨ ਪੂਰੇ ਹੋਣ ਤੋਂ ਬਾਅਦ, ਨਵੇਂ ਸੇਵਾ ਪ੍ਰਦਾਤਾ ਵੱਲੋਂ ਕਲੇਮ ਨਾ ਕੀਤੇ ਗਏ ਫੰਡਾਂ ਨੂੰ ਡੀਈਏਐਫ (ਡਿਪਾਜ਼ਿਟਰ ਅਵੇਅਰਨੈਸ ਐਂਡ ਐਜੂਕੇਸ਼ਨ ਫੰਡ) ਵਿੱਚ ਮੂਵ ਕਰਨ ਦਾ ਅਧਿਕਾਰ ਹੈ.

**ਸੋਧ ਕਰਨ ਦਾ ਅਧਿਕਾਰ**

ਐਕਸਿਸ ਬੈਂਕ ਖ਼ਾਸ ਤੌਰ 'ਤੇ ਕਿਸੇ ਵੀ ਸਮੇਂ ਅਤੇ ਗਾਹਕ/ਗਾਹਕਾਂ ਨੂੰ ਪਹਿਲਾਂ ਸੂਚਿਤ ਕੀਤੇ ਬਿਨਾਂ, ਇਸ ਪ੍ਰੋਗਰਾਮ ਨਾਲ ਸਬੰਧਿਤ ਸ਼ਰਤਾਂ ਵਿੱਚ ਪੂਰੀ ਤਰ੍ਹਾਂ ਜਾਂ ਹਿੱਸੇਦਾਰੀ ਤੌਰ 'ਤੇ ਕੋਈ ਵੀ ਵਾਧਾ, ਬਦਲਾਅ, ਸੋਧ, ਤਬਦੀਲੀ ਜਾਂ ਭਿੰਨਤਾ ਕਰਨ ਦਾ ਅਧਿਕਾਰ ਰੱਖਦਾ ਹੈ.

**ਟੈਕਸ**

ਸਰਕਾਰ ਜਾਂ ਕਿਸੇ ਹੋਰ ਕਾਨੂੰਨੀ ਅਥਾਰਟੀ/ਸੰਸਥਾ ਜਾਂ ਕਿਸੇ ਵੀ ਭਾਗੀਦਾਰ ਸੰਸਥਾ ਨੂੰ ਭੁਗਤਾਨਯੋਗ ਕੋਈ ਵੀ ਟੈਕਸ ਜਾਂ ਹੋਰ ਦੇਣਦਾਰੀਆਂ ਜਾਂ ਖਰਚੇ, ਜੋ ਪ੍ਰੋਗਰਾਮ ਦੇ ਪ੍ਰਾਵਧਾਨ ਦੇ ਕਾਰਨ ਗਾਹਕ 'ਤੇ ਲਾਗੂ ਹੋ ਸਕਦੇ ਹਨ ਜਾਂ ਅਰਜਿਤ ਹੋ ਸਕਦੇ ਹਨ, ਦਾ ਭੁਗਤਾਨ ਸਿਰਫ ਗਾਹਕ ਵੱਲੋਂ ਕੀਤਾ ਜਾਵੇਗਾ.

**ਅਧਿਕਾਰ ਖੇਤਰ**

ਇਸ ਪ੍ਰੋਗਰਾਮ ਜਾਂ ਇਸ ਦੇ ਨਤੀਜੇ ਵਜੋਂ ਜਾਂ ਇਸ ਦੇ ਸੰਬੰਧ ਵਿੱਚ ਵਿਵਾਦ, ਜੇ ਕੋਈ ਹੋਵੇ, ਪੈਦਾ ਹੁੰਦੇ ਹਨ, ਤਾਂ ਭਾਰਤ ਦੇ ਕਾਨੂੰਨਾਂ ਅਤੇ ਸਿਰਫ ਮੁੰਬਈ ਵਿੱਚ ਸਮਰੱਥ ਅਦਾਲਤਾਂ/ਟ੍ਰਿਬਿਊਨਲ ਦੇ ਵਿਸ਼ੇਸ਼ ਅਧਿਕਾਰ ਖੇਤਰ ਦੇ ਅਧੀਨ ਹੋਣਗੇ.

**ਐਕਸਿਸ ਬੈਂਕ ਦਾ ਅਧਿਕਾਰ**

ਗਾਹਕ ਐਕਸਿਸ ਬੈਂਕ ਨੂੰ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਉਸ ਵਲੋਂ ਪ੍ਰਾਪਤ ਕੀਤੀਆਂ ਜਾ ਰਹੀਆਂ ਸੇਵਾਵਾਂ ਦੇ ਸੰਬੰਧ ਵਿੱਚ ਸਾਰੀਆਂ ਟ੍ਰਾਂਜ਼ੈਕਸ਼ਨ (ਉੱਪਰ ਦੱਸੀਆਂ ਗਈਆਂ) ਅਤੇ ਬੈਂਕਿੰਗ ਟ੍ਰਾਂਜ਼ੈਕਸ਼ਨ ਲਈ ਨਿਰਦੇਸ਼ਾਂ ਨੂੰ ਲਾਗੂ ਕਰਨ ਅਤੇ ਗਾਹਕ ਦੀਆਂ ਅਜਿਹੀਆਂ ਬੇਨਤੀਆਂ ਨੂੰ ਸਵੀਕਾਰ/ਲਾਗੂ ਕਰਨ ਦੇ ਉਦੇਸ਼ ਲਈ ਕਿਸੇ ਵੀ ਥਰਡ ਪਾਰਟੀ ਨਾਲ ਖਾਤੇ ਦੀ ਜਾਣਕਾਰੀ ਸਾਂਝੀ ਕਰਨ ਲਈ ਬਿਨਾਂ ਸ਼ਰਤ ਤੋਂ ਐਕਸਿਸ ਬੈਂਕ ਨੂੰ ਆਪਣੇ ਖਾਤੇ ਨੂੰ ਐਕਸੈਸ ਕਰਨ ਲਈ ਅਧਿਕਾਰਤ ਕਰਦਾ ਹੈ.

**ਪ੍ਰਮਾਣਿਕਤਾ**

- ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਉਸ ਵਲੋਂ ਪ੍ਰਾਪਤ ਕੀਤੀਆਂ ਜਾ ਰਹੀਆਂ ਸੇਵਾਵਾਂ ਦੇ ਸੰਬੰਧ ਵਿੱਚ ਸਾਰੀਆਂ ਟ੍ਰਾਂਜ਼ੈਕਸ਼ਨ (ਉੱਪਰ ਦੱਸੀਆਂ ਗਈਆਂ) ਅਤੇ ਬੈਂਕਿੰਗ ਟ੍ਰਾਂਜ਼ੈਕਸ਼ਨ ਲਈ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਐਕਸਿਸ ਬੈਂਕ ਨੂੰ ਬਿਨਾਂ ਸ਼ਰਤ ਆਪਣਾ ਖਾਤਾ ਚਲਾਉਣ ਲਈ ਅਧਿਕਾਰਤ ਕਰਦਾ ਹੈ.
- ਗਾਹਕ ਸੇਵਾਵਾਂ ਰਾਹੀਂ ਗਾਹਕ ਦੇ ਬੈਂਕਿੰਗ ਜਾਂ ਹੋਰ ਟ੍ਰਾਂਜ਼ੈਕਸ਼ਨ ਨੂੰ ਲਾਗੂ ਕਰਨ ਸਮੇਤ ਸੇਵਾਵਾਂ ਦਾ ਲਾਭ ਲੈਣ ਲਈ, ਗਾਹਕ ਆਪਣੇ ਖਾਤੇ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਪ੍ਰਮਾਣਿਕਤਾ ਦੇ ਦੌਰਾਨ ਦਿੱਤੇ ਨਿੱਜੀ ਵੇਰਵਿਆਂ ਨੂੰ ਐਕਸੈਸ ਕਰਨ ਲਈ ਐਕਸਿਸ ਬੈਂਕ ਨੂੰ ਬਿਨਾਂ ਸ਼ਰਤ ਅਧਿਕਾਰਤ ਕਰਦਾ ਹੈ.

- ਗਾਹਕ ਸਪੱਸ਼ਟ ਤੌਰ 'ਤੇ ਐਕਸਿਸ ਬੈਂਕ ਨੂੰ ਸੇਵਾ ਪ੍ਰਦਾਤਾ ਜਾਂ ਕਿਸੇ ਹੋਰ ਥਰਡ ਪਾਰਟੀ ਨੂੰ ਅਤੇ ਲਾਗੂ ਕਾਨੂੰਨਾਂ ਦੇ ਤਹਿਤ, ਆਪਣੀ ਸਾਰੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਅਧਿਕਾਰਤ ਕਰਦਾ ਹੈ, ਜਿਵੇਂ ਕਿ ਗਾਹਕ ਨੂੰ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਆਫਰ ਕੀਤੀਆਂ ਗਈਆਂ ਸੇਵਾਵਾਂ ਪ੍ਰਦਾਨ ਕਰਨ ਲਈ ਉਨ੍ਹਾਂ ਵਲੋਂ ਲੋੜੀਂਦੀ ਹੋ ਸਕਦੀ ਹੈ.
- ਗਾਹਕ ਸਪੱਸ਼ਟ ਤੌਰ 'ਤੇ ਐਕਸਿਸ ਬੈਂਕ ਨੂੰ ਗਾਹਕ ਦੇ ਵੇਰਵੇ ਅਤੇ ਟ੍ਰਾਂਜ਼ੈਕਸ਼ਨ ਦੇ ਵੇਰਵੇ ਰਿਕਾਰਡ ਕਰਨ ਲਈ ਅਧਿਕਾਰਤ ਕਰਦਾ ਹੈ. ਸੇਵਾਵਾਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਟ੍ਰਾਂਜ਼ੈਕਸ਼ਨ ਰਾਹੀਂ ਤਿਆਰ ਕੀਤੇ ਗਏ ਐਕਸਿਸ ਬੈਂਕ ਦੇ ਸਾਰੇ ਰਿਕਾਰਡ, ਜਿਸ ਵਿੱਚ ਟ੍ਰਾਂਜ਼ੈਕਸ਼ਨ ਦਾ ਸਮਾਂ, ਲਾਭਪਾਤਰੀ ਵੇਰਵਾ ਆਦਿ ਸ਼ਾਮਲ ਹਨ; ਰਿਕਾਰਡ ਕੀਤਾ ਗਿਆ ਡਾਟਾ ਟ੍ਰਾਂਜ਼ੈਕਸ਼ਨ ਦੀ ਅਸਲੀਅਤ ਅਤੇ ਸਟੀਕਤਾ ਦਾ ਨਿਰਣਾਇਕ ਪ੍ਰਮਾਣ ਹੋਵੇਗਾ.
- ਗਾਹਕ, ਐਕਸਿਸ ਬੈਂਕ ਨੂੰ ਉਸ ਦੇ ਮੋਬਾਈਲ ਫੋਨ ਨੰਬਰ 'ਤੇ ਕੋਈ ਵੀ ਮੈਸੇਜ ਭੇਜਣ ਜਾਂ ਕਾਲ ਕਰਨ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ 'ਤੇ ਬੈਨਰ ਜਾਂ ਕਿਸੇ ਹੋਰ ਸੰਚਾਰ ਨੂੰ ਪ੍ਰਦਰਸ਼ਿਤ ਕਰਨ ਲਈ ਅਧਿਕਾਰਤ ਕਰਦਾ ਹੈ ਤਾਂ ਜੋ ਉਸ ਨੂੰ ਬੈਂਕਾਂ ਦੇ ਨਵੇਂ ਪ੍ਰੋਡਕਟ ਸੰਬੰਧੀ ਜਾਣਕਾਰੀ ਸਮੇਤ ਕਿਸੇ ਵੀ ਪ੍ਰਮੋਸ਼ਨਲ ਆਫਰ ਦੇ ਬਾਰੇ ਵਿੱਚ ਸੂਚਿਤ ਕੀਤਾ ਜਾ ਸਕੇ ਜੋ ਅਜੇ ਉਪਲੱਬਧ ਹਨ ਜਾਂ ਜਿਸ ਨੂੰ ਐਕਸਿਸ ਬੈਂਕ ਭਵਿੱਖ ਵਿੱਚ ਲਿਆ ਸਕਦਾ ਹੈ ਜਾਂ ਗ੍ਰੀਟਿੰਗ, ਬੈਨਰ ਜਾਂ ਪ੍ਰਮੋਸ਼ਨਲ ਮੈਸੇਜ ਜਾਂ ਕੋਈ ਹੋਰ ਸੰਦੇਸ਼ ਜਿਸ ਨੂੰ ਐਕਸਿਸ ਬੈਂਕ ਗਾਹਕ ਲਈ ਉਚਿਤ ਮੰਨ ਸਕਦਾ ਹੈ.
- ਗਾਹਕ ਦ੍ਰਿੜਤਾ ਨਾਲ ਅਤੇ ਬਿਨਾਂ ਸ਼ਰਤ ਸਹਿਮਤ ਹੁੰਦਾ ਹੈ ਕਿ ਐਕਸਿਸ ਬੈਂਕ ਅਤੇ/ਜਾਂ ਇਸਦੇ ਏਜੰਟ ਵਲੋਂ ਕੀਤੇ ਗਏ ਅਜਿਹੇ ਕਾਲ ਜਾਂ ਭੇਜੇ ਗਏ ਸੰਦੇਸ਼ਾਂ ਨੂੰ ਗਾਹਕ ਦੀ ਗੋਪਨੀਯਤਾ ਦੀ ਉਲੰਘਣਾ ਵਜੋਂ ਨਹੀਂ ਮੰਨਿਆ ਜਾਵੇਗਾ ਅਤੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ.
- ਜੇ ਬੈਂਕ ਨੂੰ ਇਹ ਪਤਾ ਲੱਗਦਾ ਹੈ ਕਿ ਗਾਹਕ ਵਲੋਂ ਭੇਜੀ ਗਈ ਬੇਨਤੀ ਸੇਵਾਵਾਂ ਦਾ ਲਾਭ ਲੈਣ ਲਈ ਐਕਸਿਸ ਬੈਂਕ ਵਲੋਂ ਨਿਰਧਾਰਿਤ ਜ਼ਰੂਰਤਾਂ ਦੇ ਅਨੁਸਾਰ ਨਹੀਂ ਹੈ, ਤਾਂ ਗਾਹਕ ਐਕਸਿਸ ਬੈਂਕ ਨੂੰ ਅਸਵੀਕਾਰ ਕਰਨ ਸਬੰਧੀ ਕੋਈ ਵੀ ਮੈਸੇਜ ਭੇਜਣ ਜਾਂ ਕਿਸੇ ਵੀ ਟ੍ਰਾਂਜ਼ੈਕਸ਼ਨ/ਬੇਨਤੀ ਨੂੰ ਅਸਵੀਕਾਰ ਕਰਨ ਲਈ ਅਧਿਕਾਰਤ ਕਰਦਾ ਹੈ.
- ਐਕਸਿਸ ਬੈਂਕ ਇਹ ਯਕੀਨੀ ਬਣਾਉਣ ਲਈ ਸਾਰੇ ਢੁੱਕਵੇਂ ਕਦਮ ਚੁੱਕੇਗਾ ਕਿ ਗਾਹਕਾਂ ਦੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇ. ਹਾਲਾਂਕਿ ਐਕਸਿਸ ਬੈਂਕ ਗਾਹਕ ਵਲੋਂ ਗੁਪਤ ਗਾਹਕ ਜਾਣਕਾਰੀ ਦੇ ਕਿਸੇ ਵੀ ਪ੍ਰਗਟਾਵੇ ਜਾਂ ਲੀਕ ਹੋਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ.
- ਗਾਹਕ ਸਪੱਸ਼ਟ ਤੌਰ 'ਤੇ ਐਕਸਿਸ ਬੈਂਕ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਗਾਹਕ ਲਈ ਅਤੇ/ਜਾਂ ਉਸ ਦੀ ਬੇਨਤੀ 'ਤੇ ਸਾਰੀਆਂ ਬੇਨਤੀਆਂ ਜਾਂ ਟ੍ਰਾਂਜ਼ੈਕਸ਼ਨ ਨੂੰ ਪੂਰਾ ਕਰੇ, ਜੋ ਐਕਸਿਸ ਮੋਬਾਈਲ ਐਪਲੀਕੇਸ਼ਨ 'ਤੇ ਸੋਸ਼ਲ ਕਨੈਕਟ ਦੀ ਵਰਤੋਂ ਰਾਹੀਂ ਗਾਹਕ ਲਈ ਉਪਲਬਧ ਹੁੰਦੇ ਹਨ, ਇਸ ਦੇ ਲਈ ਬੈਂਕ ਨੂੰ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਗਾਹਕ ਤੋਂ ਪ੍ਰਾਪਤ ਹੋਣ ਵਾਲੀ ਕਿਸੇ ਵੀ ਬੇਨਤੀ ਜਾਂ ਟ੍ਰਾਂਜ਼ੈਕਸ਼ਨ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਦੀ ਲੋੜ ਨਹੀਂ ਹੈ.
- ਐਕਸਿਸ ਬੈਂਕ ਕੋਲ ਭਵਿੱਖ ਵਿੱਚ ਕਿਸੇ ਵੀ ਵੇਲੇ ਇਨ੍ਹਾਂ ਸੇਵਾਵਾਂ ਰਾਹੀਂ ਕਿਸੇ ਵੀ ਨਵੀਂ ਸੇਵਾਵਾਂ ਨੂੰ ਪੇਸ਼ ਕਰਨ ਦਾ ਵਿਕਲਪ ਹੋਵੇਗਾ ਅਤੇ ਇਹ ਮੰਨਿਆ ਜਾਵੇਗਾ ਕਿ ਗਾਹਕ ਨੇ ਅਜਿਹੀਆਂ ਨਵੀਆਂ ਸੇਵਾਵਾਂ ਲਈ ਉਸ ਨੂੰ ਰਜਿਸਟਰ ਕਰਨ ਲਈ ਸਪੱਸ਼ਟ ਤੌਰ 'ਤੇ ਐਕਸਿਸ ਬੈਂਕ ਨੂੰ ਅਧਿਕਾਰਤ ਕੀਤਾ ਹੈ.

**ਗਾਹਕ ਦੀਆਂ ਦੇਣਦਾਰੀਆਂ ਅਤੇ ਜ਼ਿੰਮੇਵਾਰੀਆਂ**

1. ਸੇਵਾਵਾਂ ਦਾ ਲਾਭ ਲੈਣ ਲਈ ਗਾਹਕ ਵਲੋਂ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਦੀ ਸਟੀਕਤਾ ਲਈ ਗਾਹਕ ਖੁਦ ਜ਼ਿੰਮੇਵਾਰ ਹੋਵੇਗਾ.
2. ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਪ੍ਰਾਪਤ ਰੀਚਾਰਜ, ਬਿਲ ਭੁਗਤਾਨ ਅਤੇ ਕਿਸੇ ਹੋਰ ਸੇਵਾਵਾਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ.
3. ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਸੇਵਾਵਾਂ ਦਾ ਲਾਭ ਲੈਣ ਵਾਲੇ ਗਾਹਕ ਆਰਬੀਆਈ ਵਲੋਂ ਸਮੇਂ-ਸਮੇਂ 'ਤੇ ਜਾਰੀ ਨੋ ਯੌਰ ਕਸਟਮਰ /ਐਂਟੀ ਮਨੀ ਲਾਂਡਰਿੰਗ/ਅੱਤਵਾਦ ਦੇ ਵਿੱਤਪੋਸ਼ਣ ਨਾਲ ਨਜਿੱਠਣ ਸਬੰਧੀ ਲਾਗੂ ਦਿਸ਼ਾ-ਨਿਰਦੇਸ਼ਾਂ ਅਤੇ ਸਮੇਂ-ਸਮੇਂ 'ਤੇ ਸੰਸ਼ੋਧਿਤ ਮਨੀ ਲਾਂਡਰਿੰਗ ਐਕਟ (ਪੀਐਮਐਲਏ) ਅਤੇ ਇਸ ਅਧੀਨ ਨਿਯਮਾਂ ਦੇ ਪ੍ਰਾਵਧਾਨਾਂ ਦੀ ਪਾਲਣਾ ਲਈ ਪਾਬੰਦ ਹੋਣਗੇ.
4. ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਆਫਰ ਕੀਤੀਆਂ ਗਈਆਂ ਸੇਵਾਵਾਂ ਦਾ ਲਾਭ ਲੈਣ ਲਈ ਗਾਹਕ ਵਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਗਲਤੀ ਦੇ ਮਾਮਲੇ ਵਿੱਚ ਗਾਹਕ ਖੁਦ ਜ਼ਿੰਮੇਵਾਰ ਅਤੇ ਦੇਣਦਾਰ ਹੋਵੇਗਾ.
5. ਜੇ ਗਾਹਕ ਨੂੰ ਲਗਦਾ ਹੈ ਕਿ ਐਕਸਿਸ ਬੈਂਕ ਵਲੋਂ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਗਲਤੀ ਹੈ, ਤਾਂ ਉਹ ਤੁਰੰਤ ਬੈਂਕ ਨੂੰ ਸੂਚਿਤ ਕਰੇਗਾ. ਐਕਸਿਸ ਬੈਂਕ ਉਕਤ ਗਲਤੀ ਨੂੰ ਠੀਕ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੇਗਾ.
6. ਐਕਸਿਸ ਬੈਂਕ ਕਿਸੇ ਵੀ ਸੇਵਾ ਪ੍ਰਦਾਤਾ ਜਾਂ ਥਰਡ ਪਾਰਟੀ ਨੂੰ ਬੈਂਕ ਵਲੋਂ ਨਿੱਜੀ ਜਾਣਕਾਰੀ ਦੇ ਖੁਲਾਸੇ ਦੇ ਕਾਰਨ ਗਾਹਕ ਨੂੰ

AXIS BANK

ਹੋਏ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜਿਸ ਵਿੱਚ ਕਿਸੇ ਵੀ ਟੈਲੀਕਮਿਊਨੀਕੇਸ਼ਨ ਜਾਂ ਇਲੈਕਟ੍ਰਾਨਿਕ ਕਲੀਅਰਿੰਗ ਨੈੱਟਵਰਕ ਵਿੱਚ ਹਿੱਸਾ ਲੈਣਾ, ਕਿਸੇ ਵੀ ਕਾਨੂੰਨੀ ਜਾਂ ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ, ਅੰਕੜਾ ਵਿਸ਼ਲੇਸ਼ਣ ਜਾਂ ਕ੍ਰੈਡਿਟ ਰੇਟਿੰਗ ਜਾਂ ਕਿਸੇ ਕਾਨੂੰਨੀ ਜਾਂ ਰੈਗੂਲੇਟਰੀ ਦੀ ਪਾਲਣਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ.

7. ਗਾਹਕ ਉਕਤ ਸੇਵਾਵਾਂ ਦੀ ਵਰਤੋਂ ਲਈ ਆਪਣੇ ਮੋਬਾਈਲ ਫੋਨ ਅਤੇ ਐਮ-ਪਿੰਨ ਨੂੰ ਸੁਰੱਖਿਅਤ ਕਰਨ ਲਈ ਖੁਦ ਜ਼ਿੰਮੇਵਾਰ ਹੋਵੇਗਾ.
8. ਗਾਹਕ, ਉੱਪਰ ਦੱਸੇ ਗਏ ਕਿਸੇ ਵੀ ਐਮ-ਪਿੰਨ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ 'ਤੇ ਪ੍ਰਦਾਨ ਕੀਤੇ ਗਏ ਕ੍ਰੀਡੈਂਸ਼ੀਅਲ ਦੀ ਕੋਈ ਵੀ ਅਣਅਧਿਕਾਰਤ ਜਾਂ ਗੈਰ-ਕਾਨੂੰਨੀ ਵਰਤੋਂ ਜਾਂ ਦਿੱਤੇ ਗਏ ਕਿਸੇ ਵੀ ਧੋਖਾਧੜੀ ਵਾਲੇ ਜਾਂ ਗਲਤ ਨਿਰਦੇਸ਼ ਅਤੇ ਇਸ ਕਾਰਨ ਪੈਦਾ ਹੋਏ ਕਿਸੇ ਵੀ ਵਿੱਤੀ ਖਰਚਿਆਂ ਲਈ ਬੈਂਕ ਪ੍ਰਤੀ ਜ਼ਿੰਮੇਵਾਰ ਹੋਵੇਗਾ, ਇਸ ਦਾ ਭੁਗਤਾਨ ਸਿਰਫ ਗਾਹਕ ਵਲੋਂ ਕੀਤਾ ਜਾਵੇਗਾ.
9. ਗਾਹਕ ਸਵੀਕਾਰ ਕਰਦਾ ਹੈ ਕਿ ਦੱਸੀਆਂ ਗਈਆਂ ਸੇਵਾਵਾਂ ਦੇ ਉਦੇਸ਼ਾਂ ਲਈ, ਜੇ ਗਾਹਕ ਵਲੋਂ ਰਜਿਸਟਰਡ ਕੀਤੇ ਮੋਬਾਈਲ ਫੋਨ ਨੰਬਰ ਤੋਂ ਵੈਧ ਐਮ-ਪਿੰਨ ਰਾਹੀਂ ਕੋਈ ਵੀ ਟ੍ਰਾਂਜ਼ੈਕਸ਼ਨ ਕੀਤੀ ਜਾਂਦੀ ਹੈ, ਤਾਂ ਇਹ ਮੰਨਿਆ ਜਾਵੇਗਾ ਕਿ ਇਹ ਟ੍ਰਾਂਜ਼ੈਕਸ਼ਨ ਗਾਹਕ ਵਲੋਂ ਆਪਣੀ ਮਰਜ਼ੀ ਅਨੁਸਾਰ ਕੀਤੀ ਗਈ ਹੈ.
10. ਇਹ ਸਿਰਫ ਗਾਹਕ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਰਜਿਸਟਰਡ ਮੋਬਾਈਲ ਫੋਨ ਨੰਬਰ ਵਿੱਚ ਕਿਸੇ ਬਦਲਾਵ ਜਾਂ ਉਸ ਦਾ ਮੋਬਾਈਲ ਫੋਨ ਗੁਆਚ ਜਾਣ ਜਾਂ ਕਿਸੇ ਹੋਰ ਵਿਅਕਤੀ ਨੂੰ ਅਲਾਟ ਕੀਤੇ ਜਾਣ ਦੀ ਸੂਰਤ ਵਿੱਚ, ਇਹਨਾਂ ਸੇਵਾਵਾਂ ਨੂੰ ਰੱਦ ਕਰਨ ਲਈ ਬੈਂਕ ਨੂੰ ਬੇਨਤੀ ਕਰੇਗਾ. ਗਾਹਕ ਬੈਂਕ ਨੂੰ ਆਪਣੇ ਖਾਤੇ ਵਿੱਚ ਹੋਈ ਕਿਸੇ ਵੀ ਅਣਅਧਿਕਾਰਤ ਟ੍ਰਾਂਜ਼ੈਕਸ਼ਨ, ਜੇ ਕੋਈ ਹੋਵੇ, ਬਾਰੇ ਸੂਚਿਤ ਕਰਨ ਲਈ ਵੀ ਪਾਬੰਦ ਹੋਵੇਗਾ, ਜਿਸ ਬਾਰੇ ਉਸ ਨੂੰ ਜਾਣਕਾਰੀ ਹੈ.
11. ਗਾਹਕ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਸੇਵਾਵਾਂ ਨਾਲ ਸੰਬੰਧਿਤ ਕਿਸੇ ਵੀ ਜਾਣਕਾਰੀ ਦੇ ਸੰਬੰਧ ਵਿੱਚ ਖੁਦ ਨੂੰ ਅੱਪਡੇਟ ਰੱਖੇ ਕਿਉਂਕਿ ਐਕਸਿਸ ਬੈਂਕ ਕੁਝ ਹੋਰ ਵਾਧੂ ਸੇਵਾਵਾਂ ਪ੍ਰਦਾਨ ਕਰਨ ਦਾ ਫੈਸਲਾ ਕਰ ਸਕਦਾ ਹੈ. ਗਾਹਕ ਵੱਲੋਂ ਕੀਤੀ ਕਿਸੇ ਵੀ ਅਣਦੇਖੀ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
12. ਜੇ ਗਾਹਕ ਨੇ ਇੱਥੇ ਸ਼ਾਮਲ ਨਿਯਮਾਂ ਅਤੇ ਸੇਵਾ ਦੀਆਂ ਸ਼ਰਤਾਂ ਅਤੇ ਹੋਰ ਲਾਗੂ ਨਿਯਮ ਅਤੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਲਾਪਰਵਾਹੀ ਵਾਲੇ ਕੰਮਾਂ ਨਾਲ ਨੁਕਸਾਨ ਪਹੁੰਚਾਇਆ ਹੈ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਹੋਏ ਕਿਸੇ ਵੀ ਅਣਅਧਿਕਾਰਤ ਐਕਸੈਸ ਦੇ ਬਾਰੇ ਆਪਣੀ ਤਰਫੋਂ ਐਕਸਿਸ ਬੈਂਕ ਨੂੰ ਉਚਿਤ ਸਮੇਂ ਵਿੱਚ ਸੂਚਿਤ ਕਰਨ ਵਿੱਚ ਅਸਫਲ ਰਿਹਾ ਹੈ ਤਾਂ ਇਸ ਕਾਰਨ ਹੋਣ ਵਾਲੇ ਸਾਰੇ ਨੁਕਸਾਨ ਲਈ ਗਾਹਕ ਜ਼ਿੰਮੇਵਾਰ ਹੋਵੇਗਾ.
13. ਗਾਹਕ ਸਹਿਮਤ ਹੋਵੇਗਾ ਕਿ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਕੇ, ਗਾਹਕ ਨੂੰ ਉਪਰੋਕਤ ਸਾਰੇ ਨਿਯਮ ਅਤੇ ਸ਼ਰਤਾਂ ਨਾਲ ਸਹਿਮਤ ਮੰਨਿਆ ਜਾਵੇਗਾ ਅਤੇ ਅਜਿਹੇ ਨਿਯਮ ਅਤੇ ਸ਼ਰਤਾਂ ਗਾਹਕ 'ਤੇ ਉਸੇ ਤਰੀਕੇ ਨਾਲ ਲਾਗੂ ਹੋਣਗੀਆਂ ਜਿਵੇਂ ਕਿ ਗਾਹਕ ਨੇ ਲਿਖਤੀ ਰੂਪ ਵਿੱਚ ਇਸ ਸਬੰਧੀ ਸਹਿਮਤ ਦਿੱਤੀ ਹੋਵੇ.

**ਸੇਵਾ ਦੀਆਂ ਹੋਰ ਸ਼ਰਤਾਂ**

ਇਹ ਨਿਯਮ ਅਤੇ ਸ਼ਰਤਾਂ ਕਿਸੇ ਵੀ ਖਾਤੇ ਜਾਂ ਐਕਸਿਸ ਬੈਂਕ ਵਲੋਂ ਆਪਣੇ ਗਾਹਕਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਹੋਰ ਸੇਵਾਵਾਂ ਨਾਲ ਸਬੰਧਤ ਆਮ ਨਿਯਮ ਅਤੇ ਸ਼ਰਤਾਂ ਤੋਂ ਇਲਾਵਾ ਹਨ:

1. ਇਹ ਸੇਵਾਵਾਂ ਉਨ੍ਹਾਂ ਸਾਰੇ ਗਾਹਕਾਂ ਲਈ ਉਪਲਬਧ ਹੋਣਗੀਆਂ ਜੋ ਭਾਰਤੀ ਨਾਗਰਿਕ ਹਨ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਰਜਿਸਟਰੇਸ਼ਨ ਦੀ ਤਾਰੀਖ 'ਤੇ 18 ਸਾਲ ਤੋਂ ਵੱਧ ਉਮਰ ਦੇ ਹਨ.
2. ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਨ ਲਈ ਖੁਦ ਨੂੰ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਢੰਗਾਂ ਰਾਹੀਂ ਰਜਿਸਟਰ ਕਰੇਗਾ ਜੋ ਸੇਵਾਵਾਂ ਦਾ ਲਾਭ ਲੈਣ ਅਤੇ ਵਰਤੋਂ ਕਰਨ ਲਈ ਸਮੇਂ-ਸਮੇਂ 'ਤੇ ਐਕਸਿਸ ਬੈਂਕ ਵਲੋਂ ਨਿਰਧਾਰਿਤ ਅਤੇ ਉਪਲਬਧ ਕੀਤੇ ਜਾ ਸਕਦੇ ਹਨ.
3. ਐਕਸਿਸ ਬੈਂਕ ਕੋਲ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਆਫਰ ਕੀਤੀਆਂ ਗਈਆਂ ਸੇਵਾਵਾਂ ਲਈ ਗਾਹਕ ਤੋਂ ਖਰਚਾ ਵਸੂਲਣ ਦਾ ਅਧਿਕਾਰ ਹੈ.
4. ਇਹ ਸੇਵਾਵਾਂ ਗਾਹਕ ਦੀ ਬੇਨਤੀ 'ਤੇ ਅਤੇ ਗਾਹਕ ਤੋਂ ਪ੍ਰਾਪਤ ਨਿਰਦੇਸ਼ਾਂ ਦੇ ਆਧਾਰ 'ਤੇ ਐਕਸਿਸ ਬੈਂਕ ਵਲੋਂ ਪ੍ਰਦਾਨ ਕੀਤੀਆਂ ਜਾਣਗੀਆਂ.
5. ਗਾਹਕ ਸੇਵਾਵਾਂ ਦਾ ਲਾਭ ਲੈਣ ਲਈ ਰਜਿਸਟਰਡ ਬੈਂਕ ਕੋਲ ਆਪਣੇ ਖਾਤੇ ਨੂੰ ਡੈਬਿਟ ਕਰਨ ਲਈ ਐਕਸਿਸ ਬੈਂਕ ਨੂੰ ਅਟੱਲ ਤੌਰ 'ਤੇ ਅਤੇ ਬਿਨਾਂ ਸ਼ਰਤ ਅਧਿਕਾਰ ਦਿੰਦਾ ਹੈ.

6. ਗਾਹਕ ਸਹਿਮਤ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਉਕਤ ਸੇਵਾਵਾਂ ਦਾ ਲਾਭ ਲੈਣ ਦੇ ਉਦੇਸ਼ ਲਈ:
    a. ਗਾਹਕ ਵਲੋਂ ਪ੍ਰਦਾਨ ਕੀਤੇ ਗਏ ਕਿਸੇ ਵੀ ਵੇਰਵੇ ਨੂੰ ਐਕਸਿਸ ਬੈਂਕ ਸਰਵਰ ਡਾਟਾਬੇਸ 'ਤੇ ਸਟੋਰ ਕੀਤਾ ਜਾਵੇਗਾ.
    b. ਗਾਹਕ ਨੂੰ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਸਾਰੀਆਂ ਸੇਵਾਵਾਂ ਲਈ ਐਕਸਿਸ ਬੈਂਕ ਵੱਲੋਂ ਨਿਰਧਾਰਤ ਸੀਮਾ ਦੀ ਪਾਲਣਾ ਕਰਨੀ ਹੋਵੇਗੀ.
7. ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਦੇ ਉਦੇਸ਼ ਲਈ, ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਅਤੇ ਸੇਵਾਵਾਂ ਰਾਹੀਂ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਅਣਅਧਿਕਾਰਤ ਅਤੇ ਗੈਰ-ਕਾਨੂੰਨੀ ਵਰਤੋਂ ਨੂੰ ਰੋਕਣ ਲਈ ਸਾਰੀਆਂ ਜ਼ਰੂਰੀ ਸਾਵਧਾਨੀਆਂ ਵਰਤੇਗਾ.
8. ਗਾਹਕ ਐਮ-ਪਿੰਨ/ਓਟੀਪੀ/ਕੋਡ/ਪਾਸਵਰਡ ਦੀ ਗੋਪਨੀਯਤਾ ਨੂੰ ਬਰਕਰਾਰ ਰੱਖਣ ਅਤੇ ਅਜਿਹੇ ਐਮ-ਪਿੰਨ/ਓਟੀਪੀ/ਪਾਸਕੋਡ/ਪਾਸਵਰਡ ਦੀ ਵਰਤੋਂ ਜਾਂ ਦੁਰਵਰਤੋਂ ਦੇ ਕਾਰਨ ਪੈਦਾ ਹੋਣ ਵਾਲੇ ਸਾਰੇ ਨਤੀਜਿਆਂ ਲਈ ਖੁਦ ਜ਼ਿੰਮੇਵਾਰ ਹੋਵੇਗਾ.
9. ਗਾਹਕ, ਲਾਭਪਾਤਰੀਆਂ ਦੀ ਬੇਨਤੀ 'ਤੇ ਉਨ੍ਹਾਂ ਨੂੰ  ਟ੍ਰਾਂਸਫਰ ਕੀਤੇ ਗਏ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਗਾਹਕ ਨੂੰ ਪ੍ਰਾਪਤ ਕਿਸੇ ਵੀ ਅਤੇ ਸਾਰੇ ਫੰਡ ਲਈ ਜ਼ਿੰਮੇਵਾਰ ਹੋਵੇਗਾ.
10. ਗਾਹਕ ਆਪਣੇ ਵੱਲੋਂ ਕੀਤੀ ਗਈ ਲਾਪਰਵਾਹੀ ਜਾਂ ਵਾਜਬ ਸਮੇਂ ਅੰਦਰ ਐਕਸਿਸ ਬੈਂਕ ਨੂੰ ਤੁਰੰਤ ਸੂਚਿਤ ਨਾ ਕਰਨ ਕਾਰਨ ਹੋਏ ਸਾਰੇ ਨੁਕਸਾਨ ਲਈ ਜ਼ਿੰਮੇਵਾਰ ਹੋਵੇਗਾ, ਜੇਕਰ ਉਸ ਦੀ ਜਾਣਕਾਰੀ ਵਿੱਚ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਉਸਦੀ ਤਰਫ਼ੋਂ ਕੀਤੀ ਗਈ ਕਿਸੇ ਵੀ ਅਣਅਧਿਕਾਰਤ ਵਰਤੋਂ/ਐਕਸੈਸ ਜਾਂ ਐਮਪਿੰਨ/ਓਟੀਪੀ/ਪਾਸਕੋਡ/ਪਾਸਵਰਡ ਦੀ ਗਲਤ ਵਰਤੋਂ ਜਾਂ ਸੇਵਾਵਾਂ ਸੰਬੰਧੀ ਕਿਸੇ ਵੀ ਹੋਰ ਸੁਰੱਖਿਆ ਉਲੰਘਣਾ ਬਾਰੇ ਜਾਣਕਾਰੀ ਹੋਵੇ.
11. ਗਾਹਕ, ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਨ ਵੇਲੇ, ਕਿਸੇ ਵੀ ਅਜਿਹੀ ਸਮੱਗਰੀ ਨੂੰ ਅੱਪਲੋਡ, ਡਾਊਨਲੋਡ, ਪੋਸਟ ਜਾਂ ਹੋਰ ਸੰਚਾਰਿਤ ਨਹੀਂ ਕਰੇਗਾ ਜੋ ਗੈਰਕਾਨੂੰਨੀ, ਨੁਕਸਾਨਦੇਹ, ਧਮਕੀ ਭਰੀ, ਅਪਮਾਨਜਨਕ, ਅਸ਼ਲੀਲ, ਪ੍ਰੇਸ਼ਾਨ ਕਰਨ ਵਾਲੀ, ਬਦਨਾਮ ਕਰਨ ਵਾਲੀ, ਲੱਚਰ, ਪੋਰਨੋਗ੍ਰਾਫੀ, ਨਾਪਾਕ, ਭੱਦੀ, ਭੜਕਾਊ, ਅਪਮਾਨ ਭਰੀ, ਗਲਤ, ਨਫ਼ਰਤੀ, ਨਸਲੀ, ਜਾਤੀ, ਸਮਾਜਿਕ, ਰਾਜਨੀਤਿਕ, ਕਾਨੂੰਨੀ, ਨੈਤਿਕ, ਧਾਰਮਿਕ ਤੌਰ 'ਤੇ ਇਤਰਾਜ਼ਯੋਗ ਜਾਂ ਹੋਰ ਕਿਸੇ ਤਰੀਕੇ ਨਾਲ ਇਤਰਾਜ਼ਯੋਗ ਹੈ, ਜਾਂ ਕਿਸੇ ਹੋਰ ਦੇ ਅਧਿਕਾਰਾਂ ਦੀ ਉਲੰਘਣਾ ਕਰਦੀ ਹੋਵੇ, ਜਿਸ ਵਿੱਚ ਸਨਮਾਨ, ਗੋਪਨੀਯਤਾ ਅਤੇ ਬੌਧਿਕ ਸੰਪੱਤੀ ਦੇ ਅਧਿਕਾਰ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ.
12. ਗਾਹਕ ਸੇਵਾਵਾਂ ਦੇ ਤਹਿਤ ਉਸ ਵਲੋਂ ਕੀਤੇ ਗਏ ਟ੍ਰਾਂਜ਼ੈਕਸ਼ਨ ਨੂੰ ਪੂਰਾ ਕਰਨ ਲਈ ਸਾਰੀ ਜ਼ਰੂਰੀ ਜਾਣਕਾਰੀ ਨੂੰ ਐਕਸੈਸ ਕਰਨ ਅਤੇ ਅਜਿਹੀਆਂ ਬੇਨਤੀਆਂ ਨੂੰ ਸਵੀਕਾਰ/ਪੂਰਾ ਕਰਨ ਦੇ ਉਦੇਸ਼ ਲਈ ਕਿਸੇ ਵੀ ਥਰਡ ਪਾਰਟੀ ਨਾਲ ਆਪਣੀ ਲੋੜੀਂਦੀ ਜਾਣਕਾਰੀ ਸਾਂਝੀ ਕਰਨ ਲਈ ਐਕਸਿਸ ਬੈਂਕ ਨੂੰ ਬਿਨਾਂ ਸ਼ਰਤ ਅਧਿਕਾਰਤ ਕਰਦਾ ਹੈ--.
13. ਐਕਸਿਸ ਬੈਂਕ ਆਪਣੀ ਇੱਛਾ ਅਨੁਸਾਰ ਕਿਸੇ ਵੀ ਰੂਪ ਵਿੱਚ ਟ੍ਰਾਂਜ਼ੈਕਸ਼ਨ ਦੇ ਰਿਕਾਰਡ ਰੱਖ ਸਕਦਾ ਹੈ. ਕਿਸੇ ਵੀ ਵਿਵਾਦ ਦੀ ਸਥਿਤੀ ਵਿੱਚ, ਬੈਂਕ ਦੇ ਰਿਕਾਰਡ ਉਕਤ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਕੀਤੇ ਗਏ ਟ੍ਰਾਂਜ਼ੈਕਸ਼ਨ ਦੇ ਨਿਰਣਾਇਕ ਸਬੂਤ ਦੇ ਰੂਪ ਵਿੱਚ ਮੰਨਿਆ ਜਾਵੇਗਾ.
14. ਗਾਹਕ ਐਕਸਿਸ ਬੈਂਕ ਵੱਲੋਂ ਦਿੱਤੀ ਗਈ ਮਨਜ਼ੂਰੀ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਐਕਸਿਸ ਮੋਬਾਈਲ ਐਪਲੀਕੇਸ਼ਨ ਅਤੇ/ਜਾਂ ਇਸ ਰਾਹੀਂ ਪ੍ਰਦਾਨ ਕੀਤੀਆਂ ਸੇਵਾਵਾਂ ਦੀ ਵਰਤੋਂ ਜਾਂ ਐਕਸੈਸ ਨਹੀਂ ਕਰੇਗਾ. ਜੇਕਰ ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਨੂੰ ਕਿਸੇ ਵੀ ਗੈਰਕਾਨੂੰਨੀ, ਅਨੁਚਿਤ ਜਾਂ ਇਨ੍ਹਾਂ ਨਿਯਮਾਂ/ਹੋਰ ਨਿਰਧਾਰਤ ਨਿਯਮ ਅਤੇ ਸ਼ਰਤਾਂ ਅਧੀਨ ਅਧਿਕਾਰਤ ਨਾ ਕੀਤੇ ਗਏ ਉਦੇਸ਼ ਲਈ ਵਰਤਦਾ ਹੈ, ਤਾਂ ਐਕਸਿਸ ਬੈਂਕ ਨੂੰ ਸਾਰੇ ਵਾਜਬ ਕਦਮ ਚੁੱਕਣ ਦਾ ਅਧਿਕਾਰ ਹੋਵੇਗਾ
15. ਗਾਹਕ ਪੁਸ਼ਟੀ ਕਰਦਾ ਹੈ ਕਿ, ਉਸ ਵਲੋਂ ਦਿੱਤਾ ਗਿਆ ਕੋਈ ਵੀ ਨਿਰਦੇਸ਼ ਅਜਿਹੀਆਂ ਸੇਵਾਵਾਂ ਦਾ ਲਾਭ ਲੈਣ ਲਈ ਉਸ ਵਲੋਂ ਵਰਤੇ ਗਏ ਪ੍ਰਮਾਣਿਤ ਐਮ-ਪਿੰਨ/ਓਟੀਪੀ/ਪਾਸਕੋਡ/ਪਾਸਵਰਡ ਦੀ ਪੁਸ਼ਟੀ ਤੋਂ ਬਾਅਦ ਹੀ ਲਾਗੂ ਹੋਣਗੇ.
16. ਗਾਹਕ ਸਹਿਮਤ ਹੈ ਅਤੇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਦੋਂ ਟ੍ਰਾਂਜ਼ੈਕਸ਼ਨ  ਪੂਰੀ ਤਰ੍ਹਾਂ ਹੋ ਜਾਂਦੀ ਹੈ, ਤਾਂ ਉਸ ਵੱਲੋਂ ਦਿੱਤੀਆਂ ਗਈਆਂ ਕਿਸੇ ਵੀ ਭੁਗਤਾਨ ਰੋਕਣ ਸਬੰਧੀ ਹਦਾਇਤਾਂ ਨੂੰ ਐਕਸਿਸ ਬੈਂਕ ਵੱਲੋਂ ਸਵੀਕਾਰ ਜਾਂ ਲਾਗੂ ਨਹੀਂ ਕੀਤਾ ਜਾ ਸਕੇਗਾ.
17. ਗਾਹਕ ਸੇਵਾਵਾਂ ਦੀ ਵਰਤੋਂ ਕਰਨ ਵੇਲੇ ਇਹ ਯਕੀਨੀ ਬਣਾਏਗਾ ਕਿ:
    a. ਉਸ ਕੋਲ ਪ੍ਰਾਪਤ ਸੇਵਾਵਾਂ ਨੂੰ ਐਕਸੈਸ ਕਰਨ ਅਤੇ ਪ੍ਰਾਪਤ ਕਰਨ ਦਾ ਅਧਿਕਾਰ ਹੈ ਅਤੇ ਉਹ ਭਾਰਤ ਵਿੱਚ ਲਾਗੂ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰੇਗਾ/ਕਰੇਗੀ.
    b. ਉਹ ਐਕਸਿਸ ਬੈਂਕ ਨੂੰ ਅਜਿਹੀ ਜਾਣਕਾਰੀ ਅਤੇ/ਜਾਂ ਸਹਾਇਤਾ ਪ੍ਰਦਾਨ ਕਰੇਗਾ/ਕਰੇਗੀ ਜੋ ਐਕਸਿਸ ਬੈਂਕ ਨੂੰ ਸੇਵਾ ਪ੍ਰਦਾਨ ਕਰਨ /ਜਾਂ ਇਨ੍ਹਾਂ ਸੇਵਾਵਾਂ ਦੇ ਤਹਿਤ ਐਕਸਿਸ ਬੈਂਕ ਦੀ ਕਿਸੇ ਹੋਰ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਲੋੜੀਂਦੀ ਹੈ.

c. ਉਹ ਅਜਿਹੀਆਂ ਸੇਵਾਵਾਂ ਦਾ ਲਾਭ ਲੈਣ ਲਈ ਐਕਸਿਸ ਬੈਂਕ ਨੂੰ ਸਹੀ ਅਤੇ ਪ੍ਰਮਾਣਿਕ ਜਾਣਕਾਰੀ/ਨਿਰਦੇਸ਼ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ/ਹੋਵੇਗੀ.
d. ਉਹ ਕਿਸੇ ਵੀ ਸਮੇਂ ਕਿਸੇ ਵਿਅਕਤੀ ਨੂੰ ਆਪਣੇ ਐਕਸਿਸ ਬੈਂਕ ਜਾਂ ਕਿਸੇ ਹੋਰ ਬੈਂਕ ਵਿੱਚ ਰੱਖੇ ਖਾਤਿਆਂ ਦੀ ਕੋਈ ਵੀ ਜਾਣਕਾਰੀ, ਜਿਸ ਵਿੱਚ ਪਾਸਵਰਡ, ਖਾਤਾ ਨੰਬਰ ਆਦਿ ਸ਼ਾਮਲ ਹਨ ਜੋ ਸਮੇਂ-ਸਮੇਂ 'ਤੇ ਦਿੱਤੇ ਜਾਂਦੇ ਹਨ, ਪ੍ਰਦਾਨ ਨਹੀਂ ਕਰੇਗਾ/ਕਰੇਗੀ.

18. ਗਾਹਕ ਸਵੀਕਾਰ ਕਰਦਾ ਹੈ ਕਿ ਐਕਸਿਸ ਬੈਂਕ ਵਲੋਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਆਫਰ ਕੀਤੀਆਂ ਗਈਆਂ ਸੇਵਾਵਾਂ ਦਾ ਲਾਭ ਉਸ ਵਲੋਂ ਆਪਣੇ ਖੁਦ ਦੇ ਜੋਖਮ 'ਤੇ ਲਿਆ ਜਾਵੇਗਾ ਅਤੇ ਇਨ੍ਹਾਂ ਜੋਖਮਾਂ ਵਿੱਚ ਹੇਠਾਂ ਦਿੱਤੇ ਜੋਖਮ ਸ਼ਾਮਲ ਹੋਣਗੇ:
    a. ਕੋਈ ਵੀ ਤਕਨੀਕੀ ਖਰਾਬੀ, ਅਸਫਲਤਾ, ਗੜਬੜੀ, ਨੈੱਟਵਰਕ ਅਸਫਲਤਾ, ਕਾਨੂੰਨੀ ਪਾਬੰਦੀਆਂ ਅਤੇ ਹੋਰ ਕਾਰਨ ਜੋ ਐਕਸਿਸ ਬੈਂਕ ਦੇ ਨਿਯੰਤਰਣ ਤੋਂ ਬਾਹਰ ਹਨ, ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
    b. ਜੇ ਗਾਹਕ ਵਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਗਲਤ/ਅਸ਼ੁੱਧ/ਅਧੂਰੀ ਨਿਕਲਦੀ ਹੈ, ਤਾਂ ਗਾਹਕ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ, ਹਾਨੀ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
    c. ਪ੍ਰਕਿਰਿਆ ਵਿੱਚ ਸ਼ਾਮਲ ਕਿਸੇ ਵੀ ਸੇਵਾ ਪ੍ਰਦਾਤਾ/ਹੋਰ ਥਰਡ ਪਾਰਟੀ/ਇਕਾਈ ਦੇ ਪ੍ਰਦਰਸ਼ਨ ਕਾਰਨ ਪੈਦਾ ਹੋਣ ਵਾਲੇ ਜੋਖਮ; ਅਤੇ ਕਿਸੇ ਵੀ ਨੁਕਸਾਨ ਜਾਂ ਹਾਨੀ ਤੋਂ ਜੋ ਗਾਹਕ ਨੂੰ ਸੇਵਾ ਵਿੱਚ ਕਿਸੇ ਗਲਤੀ, ਖ਼ਰਾਬੀ, ਨਾਕਾਮੀ ਜਾਂ ਸੇਵਾ ਵਿੱਚ ਰੁਕਾਵਟ ਜਾਂ ਦੇਰੀ ਨਾਲ ਫੰਡ ਟ੍ਰਾਂਸਫਰ ਕਾਰਨ ਪੈਦਾ ਹੋਣ ਵਾਲੇ ਨਤੀਜਿਆਂ ਕਾਰਨ ਹੋਵੇ, ਉਸ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
    d. ਕੋਈ ਵੀ ਨੁਕਸਾਨ ਜਾਂ ਹਾਨੀ ਜੋ ਆਨਲਾਈਨ/ਇਲੈਕਟ੍ਰਾਨਿਕ ਨਿਰਦੇਸ਼ਾਂ ਦੀ ਦੇਰੀ ਨਾਲ ਭੇਜਣ, ਡਿਲੀਵਰੀ ਨਾ ਹੋਣ, ਭੇਜਣ ਜਾਂ ਡਿਲੀਵਰੀ ਵਿੱਚ ਕੋਈ ਗਲਤੀ, ਛੁੱਟ ਗਈ ਜਾਣਕਾਰੀ, ਗਲਤੀ ਜਾਂ ਨਿਰਦੇਸ਼ਾਂ ਨੂੰ ਡੀਕ੍ਰਿਪਟ ਕਰਨ ਵਿੱਚ ਕੀਤੀ ਗਈ ਗਲਤੀ ਜਾਂ ਉਸ ਦੀ ਗਲਤ ਵਿਆਖਿਆ, ਜਾਂ ਐਕਸਿਸ ਬੈਂਕ ਦੇ ਨਿਯੰਤਰਣ ਤੋਂ ਬਾਹਰ ਕਿਸੇ ਵੀ ਕਾਰਨ ਨਾਲ ਹੋਵੇ, ਉਸ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
    e. ਐਕਸਿਸ ਮੋਬਾਈਲ ਐਪਲੀਕੇਸ਼ਨ ਅਧੀਨ ਐਕਸਿਸ ਬੈਂਕ ਵੱਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਨੂੰ ਸੰਚਾਲਿਤ ਕਰਨ ਲਈ ਵਰਤੀ ਜਾਣ ਵਾਲੀ ਤਕਨਾਲੋਜੀ ਕਿਸੇ ਵਾਇਰਸ ਜਾਂ ਹੋਰ ਖਤਰਨਾਕ, ਵਿਨਾਸ਼ਕਾਰੀ ਜਾਂ ਖਰਾਬ ਕਰਨ ਵਾਲੇ ਕੋਡ, ਪ੍ਰੋਗਰਾਮ ਜਾਂ ਮੈਕਰੋ ਤੋਂ ਪ੍ਰਭਾਵਿਤ ਹੋ ਸਕਦੀ ਹੈ. ਇਹ ਸੰਭਵ ਹੋ ਸਕਦਾ ਹੈ ਕਿ ਐਕਸਿਸ ਮੋਬਾਈਲ ਐਪਲੀਕੇਸ਼ਨ/ਐਕਸਿਸ ਬੈਂਕ ਦੇ ਸਰਵਰ ਨੂੰ ਰੱਖ-ਰਖਾਵ ਦੀ ਲੋੜ ਹੋ ਸਕਦੀ ਹੈ ਅਤੇ ਅਜਿਹੇ ਸਮੇਂ ਦੇ ਦੌਰਾਨ ਗਾਹਕਾਂ ਦੀ ਬੇਨਤੀ/ਟ੍ਰਾਂਜ਼ੈਕਸ਼ਨ 'ਤੇ ਪ੍ਰਕਿਰਿਆ ਕਰਨਾ ਸੰਭਵ ਨਹੀਂ ਹੋ ਸਕਦਾ. ਇਸ ਕਾਰਨ ਨਿਰਦੇਸ਼ਾਂ ਦੀ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ ਜਾਂ ਨਿਰਦੇਸ਼ਾਂ ਦੀ ਪ੍ਰਕਿਰਿਆ ਅਸਫਲ ਹੋ ਸਕਦੀ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਨਾਕਾਮੀਆਂ ਅਤੇ ਅਸਮਰੱਥਾਵਾਂ ਪੈਦਾ ਹੋ ਸਕਦੀਆਂ ਹਨ. ਗਾਹਕ ਸਮਝਦਾ ਹੈ ਕਿ ਐਕਸਿਸ ਬੈਂਕ ਸਾਰੀਆਂ ਅਤੇ ਕਿਸੇ ਵੀ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ, ਭਾਵੇਂ ਇਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੀ ਕਾਰਨ ਕਰਕੇ ਕਿਸੇ ਵੀ ਗਾਹਕ ਦੇ ਨਿਰਦੇਸ਼ ਨੂੰ ਸਵੀਕਾਰ ਕਰਨ ਵਿੱਚ ਬੈਂਕ ਵਲੋਂ ਕਿਸੇ ਵੀ ਅਸਫਲਤਾ ਜਾਂ ਅਸਮਰੱਥਾ ਤੋਂ ਜਾਂ ਹੋਰ ਕਿਸੇ ਕਾਰਨ ਕਰਕੇ ਪੈਦਾ ਹੋਏ ਨੁਕਸਾਨ ਕਾਰਨ ਪੈਦਾ ਹੋਵੇ.
    f. ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਐਕਸਿਸ ਬੈਂਕ ਵਲੋਂ ਆਫਰ ਕੀਤੀਆਂ ਗਈਆਂ ਸੇਵਾਵਾਂ ਬਾਰੇ ਤੱਥ ਦੀ ਜਾਣਕਾਰੀ ਨਾ ਹੋਣ ਕਾਰਨ ਗਾਹਕ ਨੂੰ ਹੋਏ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਐਕਸਿਸ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.

19. ਗਾਹਕ ਸਹਿਮਤ ਹੈ ਕਿ ਐਕਸਿਸ ਬੈਂਕ ਇਸ ਸਬੰਧ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਲਵੇਗਾ:
    a. ਗਾਹਕ ਦੀਆਂ ਹਦਾਇਤਾਂ 'ਤੇ ਨਿਰਭਰ ਕਰਦੇ ਹੋਏ ਸਦਭਾਵਨਾ ਨਾਲ ਕੀਤੇ ਗਏ ਟ੍ਰਾਂਜ਼ੈਕਸ਼ਨ.
    b. ਅਜਿਹੇ ਟ੍ਰਾਂਜ਼ੈਕਸ਼ਨ ਨਾ ਕਰਨਾ ਜਿੱਥੇ ਐਕਸਿਸ ਬੈਂਕ ਕੋਲ ਆਪਣੀ ਮਰਜ਼ੀ ਅਨੁਸਾਰ ਇਹ ਵਿਸ਼ਵਾਸ ਕਰਨ ਦਾ ਕਾਰਨ ਹੋਵੇ ਕਿ ਨਿਰਦੇਸ਼ ਅਸਲ ਨਹੀਂ ਹਨ ਜਾਂ ਹੋਰ ਅਸਪੱਸ਼ਟ, ਅਣਉਚਿਤ, ਗਲਤ ਜਾਂ ਸ਼ੱਕੀ ਹਨ.
    c. ਕਿਸੇ ਵੀ ਗਲਤੀ, ਖਰਾਬੀ, ਸੇਵਾ ਵਿੱਚ ਅਸਫਲਤਾ ਜਾਂ ਰੁਕਾਵਟ ਜਾਂ ਦੇਰੀ ਨਾਲ ਟ੍ਰਾਂਸਫਰ/ਰੇਮੀਟੈਂਸ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਅਤੇ ਕਿਸੇ ਵੀ ਅਜਿਹੇ ਕਾਰਨ ਕਰਕੇ ਜੋ ਐਕਸਿਸ ਬੈਂਕ ਦੇ ਨਿਯੰਤਰਣ ਤੋਂ ਬਾਹਰ ਹੈ, ਨਾਲ ਗਾਹਕ ਨੂੰ ਹੋਏ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ.
    d. ਗਾਹਕ ਸਵੀਕਾਰ ਕਰਦਾ ਹੈ ਅਤੇ ਸਹਿਮਤ ਹੁੰਦਾ ਹੈ ਕਿ ਐਕਸਿਸ ਬੈਂਕ ਇਹ ਸੇਵਾ ਪ੍ਰਦਾਨ ਕਰਨ ਵਾਲਾ ਸਿਰਫ ਇੱਕ ਸੁਵਿਧਾਕਰਤਾ ਹੈ ਅਤੇ ਐਕਸਿਸ ਬੈਂਕ ਇਨ੍ਹਾਂ ਸੇਵਾਵਾਂ ਲਈ ਕੋਈ ਵਾਰੰਟ ਜਾਂ ਜ਼ਿੰਮੇਵਾਰੀ ਨਹੀਂ ਲੈਂਦਾ ਜਾਂ ਨਾ ਹੀ ਐਕਸਿਸ ਬੈਂਕ ਅਜਿਹੀ ਕਿਸੇ ਵੀ ਸੇਵਾ ਅਤੇ/ਜਾਂ ਇਸ ਦੀ ਸਥਿਤੀ ਜਾਂ ਪ੍ਰਤਿਸ਼ਠਾ ਦਾ ਸਮਰਥਨ ਕਰਦਾ ਹੈ ਅਤੇ ਐਕਸਿਸ ਬੈਂਕ ਕਿਸੇ ਵੀ ਤਰੀਕੇ ਨਾਲ ਕਿਸੇ ਵੀ ਅਧੂਰੀ ਜਾਂ ਘਟੀਆਂ ਸੇਵਾ ਲਈ ਅਤੇ ਗਾਹਕ ਨੂੰ ਹੋਏ ਕਿਸੇ

ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ. ਇਸ ਸਬੰਧ ਵਿੱਚ ਸਾਰਾ ਜੋਖਮ ਗਾਹਕ ਦਾ ਹੋਵੇਗਾ.

e. ਕਿਸੇ ਥਰਡ ਪਾਰਟੀ ਵੱਲੋਂ ਗਾਹਕ ਵੱਲੋਂ ਦਿੱਤੀ ਗਈ ਜਾਣਕਾਰੀ/ਨਿਰਦੇਸ਼ਾਂ ਤੱਕ ਅਣਅਧਿਕਾਰਤ ਐਕਸੈਸ, ਜੇਕਰ ਉਹ ਉਕਤ ਸੇਵਾਵਾਂ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ.
f. ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਵੇਲੇ ਗਾਹਕ ਨੂੰ ਹੋਣ ਵਾਲੇ ਕਿਸੇ ਵੀ ਸਿੱਧੇ, ਅਸਿੱਧੇ ਜਾਂ ਪਰਿਣਾਮੀ ਨੁਕਸਾਨ ਲਈ, ਜੋ ਸੇਵਾਵਾਂ ਵਿੱਚ ਕਿਸੇ ਵੀ ਖਰਾਬੀ ਤੋਂ ਹੋਇਆ ਹੋਵੇ ਅਤੇ ਜੋ ਐਕਸਿਸ ਬੈਂਕ ਦੇ ਨਿਯੰਤਰਣ ਤੋਂ ਬਾਹਰ ਹੋਵੇ.
g. ਜਦੋਂ ਐਕਸਿਸ ਬੈਂਕ ਨੇ ਸਦਭਾਵਨਾ ਨਾਲ ਕੰਮ ਕੀਤਾ.
h. ਗੁਪਤ ਜਾਣਕਾਰੀ ਦੇ ਖੁਲਾਸੇ ਦੇ ਕਾਰਨ ਗਾਹਕ ਨੂੰ ਹੋਇਆ ਕੋਈ ਵੀ ਨੁਕਸਾਨ, ਹਾਨੀ, ਦੇਣਦਾਰੀ

20. ਗਾਹਕ ਸਹਿਮਤ ਹੈ ਕਿ ਜੇਕਰ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਤਹਿਤ ਐਕਸਿਸ ਬੈਂਕ ਵਲੋਂ ਆਫਰ ਕੀਤੀਆਂ ਗਈਆਂ ਸੇਵਾਵਾਂ ਲਈ ਕੋਈ ਖਰਚ ਲਗਾਇਆ ਜਾਂਦਾ ਹੈ ਤਾਂ ਉਹ ਐਕਸਿਸ ਬੈਂਕ ਦੀ ਆਪਣੀ ਮਰਜ਼ੀ ਅਨੁਸਾਰ ਹੋਵੇਗਾ ਅਤੇ ਐਕਸਿਸ ਬੈਂਕ ਕੋਲ ਗਾਹਕ ਨੂੰ ਬਿਨਾਂ ਕਿਸੇ ਸੂਚਨਾ ਦੇ ਸਮੇਂ-ਸਮੇਂ 'ਤੇ ਇਸ ਨੂੰ ਵਾਪਸ ਲੈਣ/ਸੰਸ਼ੋਧਿਤ ਕਰਨ/ਤਬਦੀਲ ਕਰਨ ਦਾ ਅਧਿਕਾਰ ਹੋਵੇਗਾ.
21. ਗਾਹਕ ਸਹਿਮਤ ਹੈ ਕਿ ਜੇਕਰ ਸੇਵਾਵਾਂ ਦੀ ਵਰਤੋਂ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਕਰਕੇ, ਉਸ ਦਾ ਬੈਂਕ ਖਾਤਾ ਬੰਦ/ਬਲਾਕ ਹੋ ਜਾਂਦਾ ਹੈ, ਤਾਂ ਗਾਹਕ ਇਸ ਸਮੱਸਿਆ ਦਾ ਨਿਪਟਾਰਾ ਸਿੱਧਾ ਆਪਣੇ ਬੈਂਕ ਨਾਲ ਕਰੇਗਾ ਅਤੇ ਇਸ ਸਬੰਧੀ ਐਕਸਿਸ ਬੈਂਕ ਨੂੰ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਠਹਿਰਾਏਗਾ.
22. ਗਾਹਕ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਕੀਤੇ ਗਏ ਕਿਸੇ ਵੀ ਅਤੇ ਸਾਰੇ ਟ੍ਰਾਂਜ਼ੈਕਸ਼ਨ ਲਈ ਜ਼ਿੰਮੇਵਾਰ ਹੋਵੇਗਾ. ਐਕਸਿਸ ਬੈਂਕ ਕਿਸੇ ਵੀ ਵੇਲੇ ਜਾਂ ਗਾਹਕ ਵੱਲੋਂ ਸੇਵਾਵਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਬਿਨਾਂ ਕਿਸੇ ਪੂਰਵ ਸੂਚਨਾ ਦੇ ਕੁਝ ਜਾਂ ਸਾਰੀਆਂ ਸੇਵਾਵਾਂ ਨੂੰ ਵਾਪਸ ਲੈ ਸਕਦਾ ਹੈ ਜਾਂ ਖਤਮ ਕਰ ਸਕਦਾ ਹੈ; ਜਾਂ ਜੇ ਐਕਸਿਸ ਬੈਂਕ ਗਾਹਕ ਦੀ ਮੌਤ, ਦਿਵਾਲੀਆਪਨ ਜਾਂ ਕਾਨੂੰਨੀ ਸਮਰੱਥਾ ਦੀ ਘਾਟ ਦਾ ਪਤਾ ਲਗਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ.
23. ਗਾਹਕ ਸਹਿਮਤ ਹੈ ਕਿ ਉਹ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ ਭੁਗਤਾਨ ਕਰਨ ਲਈ ਬੈਂਕ ਕੋਲ ਰੱਖੇ ਗਏ ਆਪਣੇ ਵੱਖ-ਵੱਖ ਬੈਂਕ ਖਾਤਿਆਂ ਵਿੱਚ ਉਪਲਬਧ ਰਕਮ ਨੂੰ ਏਕੀਕ੍ਰਿਤ ਨਹੀਂ ਕਰ ਸਕਦਾ.
24. ਗਾਹਕ ਐਕਸਿਸ ਬੈਂਕ ਅਤੇ ਇਸ ਦੇ ਡਾਇਰੈਕਟਰ, ਅਧਿਕਾਰੀ, ਮਾਲਕ, ਏਜੰਟ, ਕੋ-ਬ੍ਰਾਂਡਰ ਜਾਂ ਹੋਰ ਪਾਰਟਨਰ, ਕਰਮਚਾਰੀ, ਜਾਣਕਾਰੀ ਪ੍ਰਦਾਤਾ, ਲਾਇਸੈਂਸਰ, ਲਾਇਸੈਂਸਧਾਰਕ, ਸਲਾਹਕਾਰ, ਠੇਕੇਦਾਰ ਅਤੇ ਹੋਰ ਲਾਗੂ ਥਰਡ ਪਾਰਟੀ (ਸਮੂਹਿਕ ਤੌਰ 'ਤੇ "ਮੁਆਵਜ਼ੇ ਵਾਲੀਆਂ ਪਾਰਟੀਆਂ") ਨੂੰ ਕਿਸੇ ਵੀ ਅਤੇ ਸਾਰੇ ਕਲੇਮ, ਮੰਗ, ਕਾਰਵਾਈ ਦੇ ਕਾਰਨ, ਕਰਜ਼ੇ ਜਾਂ ਦੇਣਦਾਰੀ, ਜਿਸ ਵਿੱਚ ਅਟਾਰਨੀ ਦੀ ਵਾਜਬ ਫੀਸ ਅਤੇ ਮੁਆਵਜ਼ੇ ਵਾਲੀਆਂ ਪਾਰਟੀਆਂ ਨੂੰ ਹੋਰ ਵਾਲੇ ਖਰਚੇ ਸ਼ਾਮਲ ਹਨ, ਜਾਂ ਜੋ ਇਸ ਨਾਲ ਸੰਬੰਧਿਤ ਹਨ, ਜਾਂ ਇਹਨਾਂ ਦੇ ਕਾਰਨ ਪੈਦਾ ਹੋ ਸਕਦੇ ਹਨ, ਸਬੰਧੀ ਮੁਆਵਜ਼ਾ ਦੇਣ, ਬਚਾਉਣ ਅਤੇ ਨੁਕਸਾਨ ਰਹਿਤ ਰੱਖਣ ਲਈ ਸਹਿਮਤ ਹੁੰਦਾ ਹੈ :
    a. ਗਾਹਕ ਵਲੋਂ ਇਨ੍ਹਾਂ ਸੇਵਾ ਦੀਆਂ ਸ਼ਰਤਾਂ ਜਾਂ ਐਕਸਿਸ ਬੈਂਕ ਦੇ ਕਿਸੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਨੀਤੀਆਂ ਦੀ ਕੋਈ ਵੀ ਉਲੰਘਣਾ ਜਾਂ ਗੈਰ-ਪਾਲਣਾ;
    b. ਗਾਹਕਾਂ ਦੀਆਂ ਕਾਰਵਾਈਆਂ ਜਾਂ ਗਲਤੀਆਂ ਦੇ ਕਾਰਨ ਹੋਣ ਵਾਲਾ ਕੋਈ ਵੀ ਵਿਵਾਦ ਜਾਂ ਮੁਕੱਦਮਾ;
    c. ਕਿਸੇ ਕਾਨੂੰਨ ਜਾਂ ਕਿਸੇ ਥਰਡ ਪਾਰਟੀ ਦੇ ਅਧਿਕਾਰਾਂ ਸਬੰਧੀ ਕੋਈ ਵੀ ਲਾਪਰਵਾਹੀ ਜਾਂ ਉਲੰਘਣਾ ਜਾਂ ਕਥਿਤ ਉਲੰਘਣਾ
25. ਐਕਸਿਸ ਬੈਂਕ ਇਸ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ, ਸਿੱਧੇ ਤੌਰ 'ਤੇ ਜਾਂ ਆਪਣੇ ਸਹਿਯੋਗੀ ਜਾਂ ਇਕਰਾਰਨਾਮੇ ਅਧੀਨ ਸੇਵਾ ਪ੍ਰਦਾਤਾਵਾਂ ਰਾਹੀਂ ਆਪਣੀ ਤਰਫੋਂ ਕੋਈ ਵੀ ਸੇਵਾ ਪ੍ਰਦਾਨ ਕਰ ਸਕਦਾ ਹੈ.
26. ਮੌਜੂਦਾ ਐਨਪੀਸੀਆਈ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਕੋਈ ਵੀ ਯੂਪੀਆਈ ਆਈਡੀ ਜੋ 365 ਦਿਨਾਂ ਜਾਂ ਇਸ ਤੋਂ ਵੱਧ ਦੀ ਨਿਰੰਤਰ ਅਵਧੀ ਲਈ ਅਕਿਰਿਆਸ਼ੀਲ ਰਹਿੰਦੀ ਹੈ, ਨੂੰ ਬਿਨਾਂ ਕਿਸੇ ਹੋਰ ਸੂਚਨਾ ਦੇ ਡੀਐਕਟੀਵੇਟ ਕੀਤਾ ਜਾ ਸਕਦਾ ਹੈ.

**ਗੋਪਨੀਯਤਾ ਅਤੇ ਖੁਲਾਸਾ**

ਲਾਗੂ ਕਾਨੂੰਨ ਮੁਤਾਬਕ ਮਨਾਹੀ ਨਾ ਹੋਣ ਦੀ ਹੱਦ ਤੱਕ, ਐਕਸਿਸ ਬੈਂਕ ਨੂੰ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਅਤੇ ਇਸ ਦੇ ਸੰਬੰਧ ਵਿੱਚ ਗੁਪਤ ਵਰਤੋਂ ਲਈ, ਐਕਸਿਸ ਬੈਂਕ ਵਲੋਂ ਚੁਣੀਆਂ ਗਈਆਂ ਸ਼ਾਖਾਵਾਂ, ਪ੍ਰਤੀਨਿਧੀ ਦਫਤਰਾਂ, ਸਹਿਯੋਗੀਆਂ, ਪ੍ਰਤੀਨਿਧੀਆਂ, ਆਡਿਟਰ ਅਤੇ ਥਰਡ ਪਾਰਟੀਆਂ, ਭਾਵੇਂ ਇਹ ਕੀਤੇ ਵੀ ਸਥਿਤ ਹੋਣ, ਨੂੰ ਸੇਵਾਵਾਂ ਦੀ ਵਰਤੋਂ ਲਈ ਗਾਹਕ ਨਾਲ ਸਬੰਧਤ ਨਿੱਜੀ ਜਾਣਕਾਰੀ ਅਤੇ/ਜਾਂ ਗਾਹਕ ਵਲੋਂ ਦਿੱਤੀ ਗਈ ਕਿਸੇ ਹੋਰ ਜਾਣਕਾਰੀ ਦਾ ਖੁਲਾਸਾ, ਸਾਂਝੀ ਜਾਂ ਟ੍ਰਾਂਸਫਰ ਕਰਨ ਦਾ ਅਧਿਕਾਰ ਹੋਵੇਗਾ. ਇਸ ਤੋਂ ਇਲਾਵਾ, ਐਕਸਿਸ ਬੈਂਕ ਕਿਸੇ ਵੀ ਵੇਲੇ ਗਾਹਕ ਨਾਲ ਸੰਬੰਧਿਤ ਸਾਰੀ ਨਿੱਜੀ ਜਾਣਕਾਰੀ ਜੋ ਐਕਸਿਸ ਬੈਂਕ ਦੇ ਗਿਆਨ ਅਤੇ

ਮਾਲਕੀ ਵਿੱਚ ਹੈ, ਕਿਸੇ ਵੀ ਹੋਰ ਬੈਂਕ/ਐਸੋਸੀਏਸ਼ਨ/ਵਿੱਤੀ ਸੰਸਥਾ ਜਾਂ ਕਿਸੇ ਹੋਰ ਸੰਸਥਾ ਨੂੰ ਪ੍ਰਗਟ ਕਰਨ ਦਾ ਅਧਿਕਾਰ ਰੱਖਦਾ ਹੈ. ਇਹ ਕਲਾਉਜ਼ ਇਸ ਇਕਰਾਰਨਾਮੇ ਦੀ ਸਮਾਪਤੀ ਤੋਂ ਵੀ ਲਾਗੂ ਰਹੇਗੀ.

**ਜਾਣਕਾਰੀ ਦੀ ਸਟੀਕਤਾ**

- ਗਾਹਕ ਸੇਵਾਵਾਂ ਦੀ ਵਰਤੋਂ ਨਾਲ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਬੈਂਕ ਨੂੰ ਦਿੱਤੀ ਜਾਣਕਾਰੀ ਦੀ ਸਟੀਕਤਾ ਲਈ ਜ਼ਿੰਮੇਵਾਰ ਹੋਵੇਗਾ.
- ਗਾਹਕ ਇਹ ਸਵੀਕਾਰ ਕਰਦਾ ਹੈ ਕਿ ਇਨ੍ਹਾਂ ਸੇਵਾਵਾਂ ਦੇ ਸਬੰਧ ਵਿੱਚ ਉਸ ਵਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਗਲਤੀ ਦੇ ਮਾਮਲੇ ਵਿੱਚ ਸਾਰੀ ਜ਼ਿੰਮੇਵਾਰੀ ਗਾਹਕ ਦੀ ਹੋਵੇਗੀ

ਅਤੇ ਇਸ ਤਰ੍ਹਾਂ ਐਕਸਿਸ ਬੈਂਕ ਨੂੰ ਹਰ ਵੇਲੇ ਸਹੀ ਜਾਣਕਾਰੀ ਪ੍ਰਦਾਨ ਕਰਨ ਲਈ ਸਹਿਮਤ ਹੁੰਦਾ ਹੈ. ਜੇ ਗਾਹਕ ਨੂੰ ਲਗਦਾ ਹੈ ਕਿ ਐਕਸਿਸ ਬੈਂਕ ਵਲੋਂ ਉਸ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਗਲਤੀ ਹੈ, ਤਾਂ ਉਹ ਤੁਰੰਤ ਬੈਂਕ ਨੂੰ ਸੂਚਿਤ ਕਰੇਗਾ. ਐਕਸਿਸ ਬੈਂਕ ਆਪਣੀ ਪੂਰੀ ਕੋਸ਼ਿਸ਼ ਦੇ ਆਧਾਰ 'ਤੇ ਜਿੱਥੇ ਵੀ ਸੰਭਵ ਹੋਵੇ ਗਲਤੀ ਨੂੰ ਤੁਰੰਤ ਠੀਕ ਕਰਨ ਦੀ ਕੋਸ਼ਿਸ਼ ਕਰੇਗਾ.

- ਐਕਸਿਸ ਬੈਂਕ ਕਿਸੇ ਵੀ ਆਕਸਮਿਕ ਗਲਤੀ ਲਈ ਵੀ ਜ਼ਿੰਮੇਵਾਰ ਨਹੀਂ ਹੋਵੇਗਾ, ਜੋ ਬੈਂਕ ਵੱਲੋਂ ਗਾਹਕ ਨੂੰ ਦਿੱਤੀ ਜਾਣਕਾਰੀ ਦੀ ਸਟੀਕਤਾ ਸੁਨਿਸ਼ਚਿਤ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਬਾਵਜੂਦ ਵਾਪਰਦੀ ਹੈ, ਅਤੇ ਗਾਹਕ ਕਿਸੇ ਵੀ ਨੁਕਸਾਨ/ਹਾਨੀ ਦੀ ਸਥਿਤੀ ਵਿੱਚ ਐਕਸਿਸ ਬੈਂਕ ਖਿਲਾਫ ਕੋਈ ਦਾਅਵਾ ਨਹੀਂ ਕਰੇਗਾ, ਜੋ ਬੈਂਕ ਵੱਲੋਂ ਦਿੱਤੀ ਗਈ ਗਲਤ ਜਾਣਕਾਰੀ ਦੇ ਨਤੀਜੇ ਵਜੋਂ ਹੋਈ ਹੋਵੇ.

**ਸਮਾਪਤੀ**

- ਐਕਸਿਸ ਬੈਂਕ, ਆਪਣੀ ਮਰਜ਼ੀ ਅਨੁਸਾਰ ਗਾਹਕ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ ਕਿਸੇ ਵੀ ਵੇਲੇ, ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਦੀਆਂ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਵਾਪਸ ਲੈ ਸਕਦਾ ਹੈ ਜਾਂ ਸਮਾਪਤ ਕਰ ਸਕਦਾ ਹੈ. ਜਦੋਂ ਕਿਸੇ ਵੀ ਰੱਖ-ਰਖਾਵ ਜਾਂ ਮੁਰੰਮਤ ਦੇ ਕੰਮ ਕਰਕੇ ਜਾਂ ਕਿਸੇ ਵੀ ਐਮਰਜੈਂਸੀ ਦੇ ਮਾਮਲੇ ਵਿੱਚ ਜਾਂ ਤਕਨੀਕੀ ਜਾਂ ਸੁਰੱਖਿਆ ਕਾਰਨਾਂ ਕਰਕੇ ਇਨ੍ਹਾਂ ਸੇਵਾਵਾਂ ਨੂੰ ਮੁਅੱਤਲ ਕਰਨ ਦੀ ਲੋੜ ਹੁੰਦੀ ਹੈ, ਤਾਂ ਐਕਸਿਸ ਬੈਂਕ ਬਿਨਾਂ ਕਿਸੇ ਪੂਰਵ ਸੂਚਨਾ ਦੇ, ਕਿਸੇ ਵੀ ਵੇਲੇ, ਇਨ੍ਹਾਂ ਸੇਵਾਵਾਂ ਨੂੰ ਮੁਅੱਤਲ ਕਰ ਸਕਦਾ ਹੈ.
- ਗਾਹਕ ਦੇ ਖਾਤੇ ਨੂੰ ਬੰਦ ਕਰਨ ਨਾਲ ਆਟੋਮੈਟਿਕਲੀ ਸੇਵਾਵਾਂ ਸਮਾਪਤ ਹੋ ਜਾਣਗੀਆਂ.
- ਜੇ ਗਾਹਕ ਨੇ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਐਕਸਿਸ ਬੈਂਕ ਨੂੰ ਗਾਹਕ ਦੀ ਮੌਤ, ਦਿਵਾਲੀਆਪਨ ਜਾਂ ਕਾਨੂੰਨੀ ਸਮਰੱਥਾ ਦੀ ਘਾਟ ਬਾਰੇ ਪਤਾ ਲਗਦਾ ਹੈ ਤਾਂ ਐਕਸਿਸ ਬੈਂਕ ਬਿਨਾਂ ਕਿਸੇ ਪੂਰਵ ਸੂਚਨਾ ਦੇ ਸੇਵਾਵਾਂ ਨੂੰ ਮੁਅੱਤਲ ਜਾਂ ਸਮਾਪਤ ਕਰ ਸਕਦਾ ਹੈ.
- ਲਾਗੂ ਕਾਨੂੰਨ ਜਾਂ ਨਿਯਮਾਂ ਵੱਲੋਂ ਪ੍ਰਦਾਨ ਕੀਤੇ ਗਏ ਤੋਂ ਇਲਾਵਾ, ਐਕਸਿਸ ਬੈਂਕ ਕੋਲ ਗਾਹਕ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ, ਸੇਵਾਵਾਂ ਨੂੰ ਸਮਾਪਤ ਕਰਨ ਅਤੇ/ਜਾਂ ਇਹਨਾਂ ਸੇਵਾਵਾਂ ਦੀ ਵਰਤੋਂ ਰਾਹੀਂ ਮੰਨਜ਼ੂਰ ਕੀਤੀਆਂ ਟ੍ਰਾਂਜ਼ੈਕਸ਼ਨ ਵਿੱਚ ਵਾਧਾ, ਕਮੀ ਜਾਂ ਮੁਅੱਤਲ ਕਰਨ, ਸੁਰੱਖਿਆ ਸਮੱਸਿਆਵਾਂ ਦੇ ਆਧਾਰ 'ਤੇ ਇਨ੍ਹਾਂ ਸੇਵਾਵਾਂ ਨਾਲ ਜੁੜੀਆਂ ਪ੍ਰਕਿਰਿਆ ਅਤੇ ਟ੍ਰਾਂਜ਼ੈਕਸ਼ਨ ਦੀਆਂ ਸੀਮਾਵਾਂ ਵਿੱਚ ਬਦਲਾਅ ਕਰਨ ਦਾ ਅਧਿਕਾਰ ਹੈ.

**ਡਿਸਕਲੇਮਰ**

ਇਸ ਸਬੰਧੀ ਐਕਸਿਸ ਬੈਂਕ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਹੋਵੇਗਾ:

ਗਾਹਕ ਜ਼ਰੂਰੀ ਭੂਗੋਲਿਕ ਰੇਂਜ ਵਿੱਚ ਨਾ ਹੋਣ ਜਾਂ ਕੁਦਰਤੀ ਆਫ਼ਤਾਂ ਸਮੇਤ ਕਿਸੇ ਹੋਰ ਕਾਰਨ ਸਮੇਤ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ, ਅਣਪਛਾਤੀ ਸਥਿਤੀਆਂ ਦੇ ਕਾਰਨ ਸੇਵਾਵਾਂ ਦਾ ਲਾਭ ਲੈਣ ਵਿੱਚ ਅਸਫਲ ਰਹਿੰਦਾ ਹੈ; ਕਾਨੂੰਨੀ ਪਾਬੰਦੀਆਂ, ਦੂਰਸੰਚਾਰ ਨੈੱਟਵਰਕ ਵਿੱਚ ਕਿਸੇ ਵੀ ਤਕਨੀਕੀ ਖਰਾਬੀ ਜਾਂ ਐਕਸਿਸ ਬੈਂਕ ਦੇ ਅਸਲ ਕੰਟਰੋਲ ਤੋਂ ਬਾਹਰ ਦੇ ਕਿਸੇ ਹੋਰ ਕਾਰਨ ਲਈ, ਬੈਂਕ ਜਵਾਬਦੇਹ ਨਹੀਂ ਹੋਵੇਗਾ. ਨਾਲ ਹੀ, ਬੈਂਕ ਇਸ ਰਾਹੀਂ ਨੁਕਸਾਨ ਦੇ ਕਾਰਨ ਪੈਦਾ ਹੋਣ ਵਾਲੀ ਕਿਸੇ ਵੀ ਕਿਸਮ ਦੀ ਦੇਣਦਾਰੀ ਤੋਂ ਮੁਕਤ ਹੈ; ਉਪਰੋਕਤ

ਦੱਸੇ ਗਏ ਕਾਰਨਾਂ ਕਰਕੇ ਸੇਵਾਵਾਂ ਵਿੱਚ ਕਿਸੇ ਵੀ ਖਰਾਬੀ ਦੇ ਕਾਰਨ ਗਾਹਕ ਜਾਂ ਕਿਸੇ ਹੋਰ ਵਿਅਕਤੀ ਨੂੰ ਹੋਏ ਸਿੱਧੇ ਜਾਂ ਅਸਿੱਧੇ ਨੁਕਸਾਨ.

ਗਾਹਕ ਐਕਸਿਸ ਬੈਂਕ ਵਲੋਂ ਪ੍ਰਾਪਤ ਕਿਸੇ ਵੀ ਟ੍ਰਾਂਜ਼ੈਕਸ਼ਨ ਨਿਰਦੇਸ਼ਾਂ 'ਤੇ ਸਦਭਾਵਨਾ ਨਾਲ ਕੰਮ ਕਰ ਰਿਹਾ ਹੈ; ਗਾਹਕ ਦੇ ਐਮ-ਪਿੰਨ, ਪਾਸਵਰਡ, ਪਾਸਕੋਡ, ਓਟੀਪੀ ਜਾਂ ਮੋਬਾਈਲ ਫੋਨ ਜਾਂ ਮੋਬਾਈਲ ਫੋਨ ਨੰਬਰ ਦੀ ਵਰਤੋਂ ਰਾਹੀਂ ਦਿੱਤੇ ਕਿਸੇ ਵੀ ਧੋਖਾਧੜੀ, ਡੁਪਲੀਕੇਟ ਜਾਂ ਗਲਤ ਟ੍ਰਾਂਜ਼ੈਕਸ਼ਨ ਨਿਰਦੇਸ਼ਾਂ ਲਈ ਗਾਹਕ ਦੇ ਐਮ-ਪਿੰਨ, ਪਾਸਵਰਡ, ਪਾਸਕੋਡ, ਓਟੀਪੀ ਜਾਂ ਮੋਬਾਈਲ ਫੋਨ ਜਾਂ ਮੋਬਾਈਲ ਫੋਨ ਨੰਬਰ ਦੀ ਅਣਅਧਿਕਾਰਤ ਵਰਤੋਂ ਹੁੰਦੀ ਹੈ;

- ਪ੍ਰਕਿਰਿਆ ਜਾਂ ਟ੍ਰਾਂਸਮਿਸ਼ਨ ਦੇ ਦੌਰਾਨ ਕਿਸੇ ਵੀ ਜਾਣਕਾਰੀ ਦਾ ਨੁਕਸਾਨ ਜਾਂ ਕਿਸੇ ਹੋਰ ਵਿਅਕਤੀ ਵਲੋਂ ਕੋਈ ਅਣਅਧਿਕਾਰਤ ਐਕਸੈਸ ਜਾਂ ਗੋਪਨੀਯਤਾ ਦੀ ਉਲੰਘਣਾ ਹੁੰਦੀ ਹੈ.
- ਸੇਵਾ ਪ੍ਰਦਾਤਾਵਾਂ ਜਾਂ ਕਿਸੇ ਵੀ ਥਰਡ ਪਾਰਟੀ ਵੱਲੋਂ ਕੋਈ ਵੀ ਗਲਤੀ ਜਾਂ ਅਸਫਲਤਾ ਹੁੰਦੀ ਹੈ ਜੋ ਉਕਤ ਸੇਵਾਵਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਤਾਂ ਐਕਸਿਸ ਬੈਂਕ ਅਜਿਹੇ ਕਿਸੇ ਵੀ ਸੇਵਾ ਪ੍ਰਦਾਤਾ ਜਾਂ ਕਿਸੇ ਥਰਡ ਪਾਰਟੀ ਵਲੋਂ ਪ੍ਰਦਾਨ ਕੀਤੀ ਗਈ ਸੇਵਾ ਦੀ ਗੁਣਵੱਤਾ ਦੇ ਬਾਰੇ ਵਿੱਚ ਕੋਈ ਵਾਰੰਟੀ ਨਹੀਂ ਦਿੰਦਾ ਹੈ.

ਐਕਸਿਸ ਬੈਂਕ ਉਕਤ ਸੇਵਾਵਾਂ ਦੇ ਸੰਬੰਧ ਵਿੱਚ ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਭੇਜੇ ਨਿੱਜੀ ਜਾਂ ਹੋਰ ਸੰਚਾਰਿਤ ਮੈਸੇਜ ਜਾਂ ਨੋਟੀਫਿਕੇਸ਼ਨ ਦੀ ਗੋਪਨੀਯਤਾ ਜਾਂ ਸੁਰੱਖਿਆ ਦੀ ਵਾਰੰਟੀ ਨਹੀਂ ਦਿੰਦਾ ਹੈ. ਐਕਸਿਸ ਬੈਂਕ ਸਿਸਟਮ ਅਤੇ ਨੈੱਟਵਰਕ ਜਾਂ ਉਨ੍ਹਾਂ ਦੇ ਕੰਮ ਜਾਂ ਪ੍ਰਦਰਸ਼ਨ ਦੇ ਸੰਬੰਧ ਵਿੱਚ ਜਾਂ ਗਾਹਕ ਜਾਂ ਕਿਸੇ ਵੀ ਵਿਅਕਤੀ ਨੂੰ ਸੇਵਾਵਾਂ ਦੇ ਨਤੀਜੇ ਵਜੋਂ ਜਾਂ ਇਸ ਦੇ ਸਬੰਧ ਵਿੱਚ ਹੋਏ ਨੁਕਸਾਨ ਜਾਂ ਹਾਨੀ ਲਈ ਕੋਈ ਵਾਰੰਟੀ ਨਹੀਂ ਦਿੰਦਾ ਹੈ. ਐਕਸਿਸ ਬੈਂਕ, ਇਸ ਦੇ ਡਾਇਰੈਕਟਰ ਅਤੇ ਕਰਮਚਾਰੀ, ਏਜੰਟ ਜਾਂ ਠੇਕੇਦਾਰ, ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਜ਼ਿੰਮੇਵਾਰ ਨਹੀਂ ਹੋਣਗੇ, ਭਾਵੇਂ ਇਹ ਨੁਕਸਾਨ ਸਿੱਧੇ, ਅਸਿੱਧੇ ਜਾਂ ਪਰਿਣਾਮੀ ਹੋਣ, ਜਿਸ ਵਿੱਚ ਮਾਲੀਆ, ਲਾਭ, ਕਾਰੋਬਾਰ, ਕੰਟਰੈਕਟ, ਅਨੁਮਾਨਿਤ ਬਚਤ ਜਾਂ ਸਦਭਾਵਨਾ ਦਾ ਨੁਕਸਾਨ, ਸਾਫਟਵੇਅਰ ਸਮੇਤ ਕਿਸੇ ਵੀ ਉਪਕਰਣ ਦੀ ਵਰਤੋਂ ਜਾਂ ਮੁੱਲ ਦਾ ਨੁਕਸਾਨ, ਭਾਵੇਂ ਇਹਨਾਂ ਦਾ ਅੰਦਾਜ਼ਾ ਹੋਵੇ ਜਾਂ ਨਹੀਂ, ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ, ਜੋ ਗਾਹਕ ਜਾਂ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਦੇਰੀ, ਰੁਕਾਵਟ, ਮੁਅੱਤਲ, ਹੱਲ ਜਾਂ ਬੈਂਕ ਵੱਲੋਂ ਬੇਨਤੀ ਪ੍ਰਾਪਤ ਕਰਨ ਅਤੇ ਪ੍ਰਕਿਰਿਆ ਕਰਨ ਅਤੇ ਜਵਾਬ ਤਿਆਰ ਕਰਨ ਅਤੇ ਵਾਪਸ ਕਰਨ ਵਿੱਚ ਹੋਈ ਗਲਤੀ ਜਾਂ ਗਾਹਕ ਦੇ ਦੂਰਸੰਚਾਰ ਉਪਕਰਣ ਅਤੇ ਕਿਸੇ ਵੀ ਸੇਵਾ ਪ੍ਰਦਾਤਾ ਦੇ ਨੈੱਟਵਰਕ ਅਤੇ ਬੈਂਕ ਦੇ ਸਿਸਟਮ ਤੋਂ ਕਿਸੇ ਵੀ ਜਾਣਕਾਰੀ ਜਾਂ ਮੈਸੇਜ ਦੇ ਪ੍ਰਸਾਰਨ ਵਿੱਚ ਕਿਸੇ ਵੀ ਅਸਫਲਤਾ, ਦੇਰੀ, ਰੁਕਾਵਟ, ਮੁਅੱਤਲ, ਰੋਕ ਜਾਂ ਗਲਤੀ ਜਾਂ ਗਾਹਕ, ਬੈਂਕ ਕੇ ਸਿਸਟਮ ਜਾਂ ਕਿਸੇ ਵੀ ਸੇਵਾ ਪ੍ਰਦਾਤਾ ਦੇ ਨੈੱਟਵਰਕ ਅਤੇ/ਜਾਂ ਕਿਸੇ ਥਰਡ ਪਾਰਟੀ ਦੇ ਦੂਰਸੰਚਾਰ ਉਪਕਰਣ ਦੀ ਕੋਈ ਖਰਾਬੀ, ਰੁਕਾਵਟ, ਮੁਅੱਤਲ ਜਾਂ ਅਸਫਲਤਾ ਸ਼ਾਮਲ ਹੈ, ਜੋ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਕਿਉਂਕਿ ਇਹ ਸੇਵਾਵਾਂ ਪ੍ਰਦਾਨ ਕਰਨਗੀਆਂ ਜ਼ਰੂਰੀ ਹਨ.

ਇਸ ਨਿਯਮ ਅਤੇ ਸ਼ਰਤਾਂ ਵਿੱਚ ਇਸ ਦੇ ਉਲਟ ਕੁਝ ਵੀ ਪ੍ਰਦਾਨ ਕੀਤੇ ਗਏ ਦੇ ਬਾਵਜੂਦ, ਗਾਹਕ ਅਤੇ ਸੈਲੂਲਰ ਸੇਵਾ ਪ੍ਰਦਾਤਾ ਜਾਂ ਕਿਸੇ ਥਰਡ ਪਾਰਟੀ ਸੇਵਾ ਪ੍ਰਦਾਤਾ (ਭਾਵੇਂ ਬੈਂਕ ਵਲੋਂ ਉਸ ਤਰਫੋਂ ਜਾਂ ਹੋਰ ਤਰੀਕੇ ਨਾਲ ਨਿਯੁਕਤ ਕੀਤਾ ਗਿਆ ਹੋਵੇ) ਵਿਚਕਾਰ ਕਿਸੇ ਵੀ ਵਿਵਾਦ ਵਿੱਚ ਕਿਸੇ ਵੀ ਤਰੀਕੇ ਨਾਲ ਸ਼ਾਮਲ ਨਹੀਂ ਹੋਵੇਗਾ ਜਾਂ ਗਾਹਕ ਪ੍ਰਤੀ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ.

ਗਾਹਕ ਦੀ ਸਪੱਸ਼ਟ ਜਾਂ ਅਸਪੱਸ਼ਟ ਆਗਿਆ ਦੇ ਨਾਲ ਕਿਸੇ ਹੋਰ ਵਿਅਕਤੀ ਵਲੋਂ ਸੇਵਾਵਾਂ ਦੀ ਵਰਤੋਂ ਕਾਰਨ ਗਾਹਕ ਨੂੰ ਹੋਇਆ ਕੋਈ ਵੀ ਨੁਕਸਾਨ. ਗਾਹਕ ਦੇ ਨਿਰਦੇਸ਼ਾਂ ਨੂੰ ਪੂਰਾ ਕਰਨ ਲਈ ਸੇਵਾਵਾਂ ਰਾਹੀਂ ਭੇਜੀ ਜਾ ਰਹੀ ਨਿੱਜੀ ਜਾਂ ਖਾਤੇ ਦੀ ਜਾਣਕਾਰੀ ਦੀ ਗੋਪਨੀਯਤਾ ਅਤੇ ਸੁਰੱਖਿਆ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.

ਐਕਸਿਸ ਬੈਂਕ, ਬੈਂਕ ਵੱਲੋਂ ਕਿਸੇ ਵੀ ਥਰਡ ਪਾਰਟੀ ਨੂੰ ਗਾਹਕ ਦੀ ਨਿੱਜੀ ਜਾਣਕਾਰੀ ਦੇ ਖੁਲਾਸੇ ਦੇ ਕਾਰਨ ਗਾਹਕ ਨੂੰ ਹੋਏ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ, ਜਿਸ ਵਿੱਚ ਕਿਸੇ ਵੀ ਟੈਲੀਕਮਿਊਨਿਕੇਸ਼ਨ ਜਾਂ ਇਲੈਕਟ੍ਰਾਨਿਕ ਕਲੀਅਰਿੰਗ ਨੈੱਟਵਰਕ ਵਿੱਚ ਹਿੱਸਾ ਲੈਣ, ਕਾਨੂੰਨੀ ਨਿਰਦੇਸ਼ ਦੀ ਪਾਲਣਾ ਕਰਨ, ਅੰਕੜਾ ਵਿਸ਼ਲੇਸ਼ਣ ਜਾਂ ਕ੍ਰੈਡਿਟ ਰੇਟਿੰਗ ਵਰਗੇ ਕਾਰਨ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ.

ਐਕਸਿਸ ਬੈਂਕ ਕੋਲ ਉਹ ਡਿਵਾਈਸ, ਸਾਫਟਵੇਅਰ ਪਲੇਟਫਾਰਮ, ਵਰਜ਼ਨ, ਨੈੱਟਵਰਕ, ਵਿਧੀਆਂ ਅਤੇ ਡਾਟਾ ਸੇਵਾਵਾਂ ਚੁਣਨ ਦਾ ਅਧਿਕਾਰ ਹੈ, ਜਿਨ੍ਹਾਂ ਨੂੰ ਸਮਰਥਿਤ ਕੀਤਾ ਜਾਵੇਗਾ. ਸਮੇਂ-ਸਮੇਂ 'ਤੇ ਐਕਸਿਸ ਬੈਂਕ ਅਧਿਕਾਰਤ ਤੌਰ 'ਤੇ ਸਮਰਥਿਤ ਟੂਲ, ਤਕਨੀਕਾਂ ਅਤੇ ਵਰਜਨਾਂ ਨੂੰ ਪ੍ਰਕਾਸ਼ਿਤ ਕਰੇਗਾ ਜਿਸ ਵਿੱਚ ਨਿਯਮ ਅਤੇ ਸ਼ਰਤਾਂ ਸ਼ਾਮਲ ਹੋਣਗੀਆਂ ਜੋ ਵੱਖ-ਵੱਖ ਉਪਕਰਣਾਂ 'ਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਲਈ ਲਾਗੂ ਹੁੰਦੇ ਹਨ. ਗਾਹਕ ਹਰ ਵੇਲੇ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰੇਗਾ. ਇਨ੍ਹਾਂ

ਪ੍ਰਕਾਸ਼ਿਤ ਜ਼ਰੂਰਤਾਂ ਵਿੱਚ ਬਦਲਾਅ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ ਵਿੱਚ ਵਰਤੋਂ ਲਈ ਅਸਮਰਥਿਤ ਵਰਜਨਾਂ ਵਿੱਚ ਸੋਧ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਇਸ ਨਿਯਮ ਅਤੇ ਸ਼ਰਤਾਂ ਦੀ ਅਣਅਧਿਕਾਰਤ ਵਰਤੋਂ ਅਤੇ ਉਲੰਘਣਾ ਮੰਨਿਆ ਜਾਵੇਗਾ.

**ਐਕਸਿਸ ਮੋਬਾਈਲ ਐਪਲੀਕੇਸ਼ਨ ਸੇਵਾਵਾਂ ਵਿੱਚ ਸੋਧ/ਬਦਲਾਵ**

ਐਕਸਿਸ ਬੈਂਕ ਕੋਲ ਕਿਸੇ ਵੀ ਵੇਲੇ ਜਿਵੇਂ ਉਹ ਠੀਕ ਸਮਝੇ, ਗਾਹਕ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਦੇ, ਆਪਣੀ ਮਰਜ਼ੀ ਅਨੁਸਾਰ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਵੀ ਸੋਧ ਕਰਨ ਦਾ ਪੂਰਾ ਅਧਿਕਾਰ ਹੈ. ਅਜਿਹੀ ਕਿਸੇ ਵੀ ਸੋਧ ਨੂੰ ਵੈੱਬਸਾਈਟ http://www.axis.bank.in 'ਤੇ ਪ੍ਰਦਰਸ਼ਿਤ ਕਰਕੇ ਇਸ ਬਾਰੇ ਗਾਹਕ ਨੂੰ ਸੂਚਿਤ ਕੀਤਾ ਜਾਵੇਗਾ; ਅਤੇ ਗਾਹਕ ਅਜਿਹੇ ਸੰਸ਼ੋਧਿਤ ਨਿਯਮ ਅਤੇ ਸ਼ਰਤਾਂ ਪ੍ਰਤੀ ਪਾਬੰਦ ਹੋਵੇਗਾ.

**ਸੰਚਾਰ**

ਐਕਸਿਸ ਬੈਂਕ ਅਤੇ ਗਾਹਕ ਵੱਲੋਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਜਾਣਕਾਰੀ ਗਾਹਕ ਦੇ ਮੇਲਬਾਕਸ ਵਿੱਚ ਇਲੈਕਟ੍ਰਾਨਿਕ ਤੌਰ 'ਤੇ (ਜਿਸ ਨੂੰ ਲਿਖਤੀ ਰੂ ੁਪ ਵਿੱਚ ਮੰਨਿਆ ਜਾਵੇਗਾ) ਜਾਂ ਗਾਹਕ ਵੱਲੋਂ ਪ੍ਰਦਾਨ ਕੀਤੇ ਗਏ ਆਖਰੀ ਐਡਰੈੱਸ 'ਤੇ ਲਿਖਤੀ ਰੂਪ ਵਿੱਚ, ਹੱਥੋਂ ਸਪੁਰਦ ਕਰਕੇ ਜਾਂ ਡਾਕ ਰਾਹੀਂ ਭੇਜੀ ਜਾ ਸਕਦੀ ਹੈ ਅਤੇ ਐਕਸਿਸ ਬੈਂਕ ਦੇ ਮਾਮਲੇ ਵਿੱਚ, ਇਹ ਜਾਣਕਾਰੀ ਸਰਵਿਸ ਕੁਆਲਿਟੀ ਵਿਭਾਗ, ਐਕਸਿਸ ਬੈਂਕ ਲਿਮਿਟੇਡ, ਕਾਰਪੋਰੇਟ ਆਫਿਸ, ਬੰਬੇ ਡਾਇੰਗ ਮਿਲਸ ਕੰਪਾਉਂਡ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ - 400025, ਟੈਲੀਫੋਨ: (022) 24252525 'ਤੇ ਭੇਜੀ ਜਾ ਸਕਦੀ ਹੈ. ਇਸ ਤੋਂ ਇਲਾਵਾ, ਐਕਸਿਸ ਬੈਂਕ ਸੇਵਾਵਾਂ ਅਤੇ ਨਿਯਮਾਂ ਅਤੇ ਸ਼ਰਤਾਂ ਬਾਰੇ ਆਮ ਜਾਣਕਾਰੀ ਵੈੱਬਸਾਈਟ http://www.axis.bank.in 'ਤੇ ਅਤੇ/ਜਾਂ ਗਾਹਕ ਨੂੰ ਉਸ ਦੇ ਮੋਬਾਇਲ ਨੰਬਰ 'ਤੇ ਸ਼ਾਰਟ ਮੈਸੇਜਿੰਗ ਸੇਵਾ ("ਐਸਐਮਐਸ") ਜ਼ਰੀਏ ਕਸਟਮਾਈਜ਼ਡ ਮੈਸੇਜ ਅਤੇ ਨੋਟੀਫਿਕੇਸ਼ਨ ਰਾਹੀਂ ਵੀ ਪ੍ਰਦਾਨ ਕਰੇਗਾ, ਜੋ ਸੇਵਾਵਾਂ ਲੈਣ ਵਾਲੇ ਸਾਰੇ ਗਾਹਕਾਂ 'ਤੇ ਲਾਗੂ ਹੋਣਗੀਆਂ. ਇਸ ਤੋਂ ਇਲਾਵਾ

ਐਕਸਿਸ ਬੈਂਕ ਆਮ ਜਾਣਕਾਰੀ ਵੀ ਪ੍ਰਕਾਸ਼ਿਤ ਕਰ ਸਕਦਾ ਹੈ, ਜੋ ਸੇਵਾਵਾਂ ਲੈਣ ਵਾਲੇ ਸਾਰੇ ਗਾਹਕਾਂ 'ਤੇ ਲਾਗੂ ਹੁੰਦੀ ਹੈ. ਅਜਿਹੀ ਜਾਣਕਾਰੀ ਹਰੇਕ ਗਾਹਕ ਨੂੰ ਵਿਅਕਤੀਗਤ ਤੌਰ 'ਤੇ ਦਿੱਤੀ ਹੋਈ ਮੰਨੀ ਜਾਵੇਗੀ. *ਸੈੱਟ-ਆਫ ਅਤੇ ਲਿਅਨ ਦਾ ਅਧਿਕਾਰ* - ਐਕਸਿਸ ਬੈਂਕ ਕੋਲ ਖਾਤੇ ਜਾਂ ਵਾਲੇਟ ਜਾਂ ਕਿਸੇ ਹੋਰ ਖਾਤੇ ਵਿੱਚ ਵਿੱਚ ਰੱਖੇ ਗਏ ਡਿਪਾਜ਼ਿਟ/ਸਕ੍ਰਿਪਟ 'ਤੇ, ਭਾਵੇਂ ਇੱਕਲੇ ਜਾਂ ਸੰਯੁਕਤ ਰੂਪ ਵਿੱਚ, ਗਾਹਕ ਨੂੰ ਸੇਵਾਵਾਂ ਦੇ ਪ੍ਰਬੰਧ ਅਤੇ/ਜਾਂ ਐਪਲੀਕੇਸ਼ਨ ਦੇ ਗਾਹਕ ਵਲੋਂ ਐਕਸੈਸ ਦੇ ਨਤੀਜੇ ਵਜੋਂ ਪੈਦਾ ਹੋਈ ਸਾਰੀ ਬਕਾਇਆ ਰਕਮ ਦੀ ਸੀਮਾ ਤੱਕ, ਮੌਜੂਦਾ ਅਤੇ ਭਵਿੱਖੀ ਕਿਸੇ ਹੋਰ ਲਿਅਨ ਜਾਂ ਖਰਚ ਦੇ ਬਾਵਜੂਦ, ਸੈੱਟ-ਆਫ ਅਤੇ ਲਿਅਨ ਦਾ ਅਧਿਕਾਰ ਹੋਵੇਗਾ.

**ਸ਼ਾਸਕੀ ਕਾਨੂਨ ਅਤੇ ਨਿਆਯਾਧਿਕਾਰ**

ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੇ ਨਿਰਮਾਣ, ਵੈਧਤਾ ਅਤੇ ਪ੍ਰਦਰਸ਼ਨ ਨੂੰ ਹਰ ਪੱਖੋਂ ਭਾਰਤ ਦੇ ਕਾਨੂੰਨਾਂ ਰਾਹੀਂ ਨਿਯੰਤ੍ਰਿਤ ਕੀਤਾ ਜਾਵੇਗਾ. ਪਾਰਟੀਆਂ ਇੱਥੇ ਮੰਨਦੀਆਂ ਹਨ ਕਿ ਇਸ ਮਾਮਲੇ ਵਿੱਚ ਸਿਰਫ ਮੰਬਈ, ਭਾਰਤ ਦੇ ਯੋਗ ਅਦਾਲਤਾਂ ਦੀ ਵਿਸ਼ੇਸ਼ ਅਧਿਕਾਰਤਾ ਹੋਵੇਗੀ, ਜਿਨ੍ਹਾਂ ਦੀ ਅਧਿਕਾਰਤਾ ਹੋਰ ਕਿਸੇ ਵੀ ਅਦਾਲਤ ਨੂੰ ਰੋਕਦੇ ਹੋਏ ਇਸ ਮਾਮਲੇ 'ਤੇ ਲਾਗੂ ਹੋਵੇਗੀ, ਭਾਵੇਂ ਹੋਰ ਅਦਾਲਤਾਂ ਕੋਲ ਇਸ ਮਾਮਲੇ ਵਿੱਚ ਸਮਾਨ ਅਧਿਕਾਰਤਾ ਹੋਵੇ. ਐਕਸਿਸ ਬੈਂਕ ਭਾਰਤ ਤੋਂ ਇਲਾਵਾ ਕਿਸੇ ਹੋਰ ਦੇਸ਼, ਜਿੱਥੇ ਸੇਵਾਵਾਂ ਉਪਲਬਧ ਹਨ, ਦੇ ਕਾਨੂੰਨਾਂ ਦੀ ਪਾਲਣਾ ਨਾ ਕਰਨ ਦੇ ਸਬੰਧ ਵਿੱਚ, ਸਿੱਧੇ ਜਾਂ ਅਸਿੱਧੇ ਤੌਰ 'ਤੇ ਪੈਦਾ ਹੋਣ ਵਾਲੀ ਕਿਸੇ ਵੀ ਦੇਣਦਾਰੀ ਤੋਂ ਮੁਕਤ ਹੈ.

**ਅਪ੍ਰਤਆਸ਼ਿਤ ਘਟਨਾ (ਫੋਰਸ ਮੈਜ਼ੁਰ)**

ਇਸ ਵਿੱਚ ਸ਼ਾਮਲ ਕਿਸੇ ਵੀ ਉਲਟ ਉਪਬੰਧ ਦੇ ਬਾਵਜੂਦ, ਬੈਂਕ ਕਿਸੇ ਵੀ ਸਥਿਤੀ ਵਿੱਚ ਇਸ ਸਮਝੌਤੇ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਕਿਸੇ ਵੀ ਅਸਫਲਤਾ ਜਾਂ ਦੇਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜੇ ਅਜਿਹੀ ਅਸਫਲਤਾ ਕੁਦਰਤੀ ਘਟਨਾ, ਹੜ੍ਹ, ਸੋਕਾ, ਭੂਚਾਲ, ਭੂਚਾਲ, ਹਰਿਕੇਨ, ਚੱਕਰਵਾਤ, ਟਾਈਫੂਨ, ਮਹਾਂਮਾਰੀ, ਅਕਾਲ, ਅੱਗ, ਵਿਸਫੋਟ, ਦੰਗੇ ਜਾਂ ਸਿਵਲ ਗੜਬੜੀ, ਯੁੱਧ (ਘੋਸ਼ਿਤ ਜਾਂ ਗੈਰ-ਘੋਸ਼ਿਤ), ਜਨਤਕ ਦੁਸ਼ਮਣੀ ਸੰਬੰਧੀ ਕਾਰਵਾਈ, ਅੱਤਵਾਦੀ ਕਾਰਵਾਈ, ਮਿਲਟਰੀ ਕਾਰਵਾਈ, ਸਰਕਾਰ/ਰੈਗੂਲੇਟਰੀ ਆਰਡਰ/ਨੋਟੀਫਿਕੇਸ਼ਨ ਰਾਹੀਂ ਘੋਸ਼ਿਤ ਲਾਕਡਾਊਨ, ਸਰਕਾਰ/ਹੋਰ ਅਥਾਰਟੀਆਂ ਦੀਆਂ ਕਾਰਵਾਈਆਂ, ਅਦਾਲਤ ਦੇ ਹੁਕਮ, ਜਾਂ ਉਦਯੋਗ-ਵਿਆਪੀ/ਖੇਤਰ-ਵਿਆਪੀ/ਦੇਸ਼-ਵਿਆਪੀ ਹੜਤਾਲ, ਲਾਕਆਊਟ, ਵਰਕ-ਟੂ-ਰੂਲ ਐਕਸ਼ਨ, ਗੋ ਸਲੋਅ ਜਾਂ ਅਜਿਹੀਆਂ ਕਿਰਤੀ ਕਾਰਵਾਈਆਂ, ਬਿਜਲੀ ਜਾਂ ਹੋਰ ਸਪਲਾਈ ਦੀ ਆਮ ਅਸਫਲਤਾ, ਤਕਨੀਕੀ ਅਸਫਲਤਾ,

ਐਕਸੀਡੈਂਟਲ ਜਾਂ ਮਕੈਨੀਕਲ ਜਾਂ ਇਲੈਕਟ੍ਰੀਕਲ ਖਰਾਬੀ, ਕੰਪਿਊਟਰ/ਨੈੱਟਵਰਕ ਦੀ ਅਸਫਲਤਾ ਜਾਂ ਕਿਸੇ ਵੀ ਮਨੀ ਟਰਾਂਸਫਰ ਜਾਂ ਪੇਮੈਂਟ ਗੇਟਵੇ ਜਾਂ ਕੋਰ ਬੈਂਕਿੰਗ ਸਿਸਟਮ ਦੀ ਅਸਫਲਤਾ, ਤਕਨੀਕੀ ਖਾਮੀਆਂ, ਜਾਂ ਬੈਂਕ ਦੇ ਉੱਚਿਤ ਕੰਟਰੋਲ ਤੋਂ ਬਾਹਰ ਵਾਲੀਆਂ ਹੋਰ ਸਥਿਤੀਆਂ ਕਾਰਨ ਵਾਪਰਦੀ ਹੈ ("ਫੋਰਸ ਮੈਜਿਓਰ ਇਵੈਂਟ"). ਬੈਂਕ ਆਪਣੀ ਮਰਜ਼ੀ ਅਨੁਸਾਰ ਫੋਰਸ ਮੈਜਿਓਰ ਇਵੈਂਟ ਦੌਰਾਨ ਸੇਵਾਵਾਂ ਦੇਣਾ ਜਾਰੀ ਰੱਖ ਸਕਦਾ ਹੈ ਜਾਂ ਸੇਵਾਵਾਂ ਨੂੰ ਮੁਅੱਤਲ ਜਾਂ ਸਮਾਪਤ ਕਰ ਸਕਦਾ ਹੈ.

**ਇੰਡੈਮਨਿਟੀ (ਮੁਆਵਜ਼ਾ)**

- ਐਕਸਿਸ ਬੈਂਕ ਵੱਲੋਂ ਗਾਹਕ ਨੂੰ ਸੇਵਾਵਾਂ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਅਤੇ/ਜਾਂ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਮਤ ਹੋਣ 'ਤੇ, ਗਾਹਕ ਆਪਣੇ ਖਰਚੇ 'ਤੇ, ਐਕਸਿਸ ਬੈਂਕ, ਇਸਦੇ ਸਹਿਯੋਗੀ, ਸਹਾਇਕ ਕੰਪਨੀਆਂ ਅਤੇ ਉਨ੍ਹਾਂ ਦੇ ਸੰਬੰਧਿਤ ਕਰਮਚਾਰੀਆਂ, ਨਿਰਦੇਸ਼ਕਾਂ, ਸਲਾਹਕਾਰਾਂ, ਏਜੰਟਾਂ, ਸਲਾਹਕਾਰਾਂ, ਉੱਤਰਾਧਿਕਾਰੀਆਂ, ਪ੍ਰਤੀਨਿਧੀਆਂ, ਅਤੇ/ਜਾਂ ਨਿਯੁਕਤੀਆਂ (ਜਿਸ ਨੂੰ ਬਾਅਦ ਵਿੱਚ "ਮੁਆਵਜ਼ਾ ਪ੍ਰਾਪਤ ਕਰਤਾ" ਵਜੋਂ ਜਾਣਿਆ ਜਾਂਦਾ ਹੈ) ਨੂੰ ਸਮੇਂ-ਸਮੇਂ 'ਤੇ ਅਤੇ ਹਰ ਸਮੇਂ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਸੀਮਾ ਦੇ ਸਾਰੇ ਸਿੱਧੇ ਅਤੇ/ਜਾਂ ਅਸਿੱਧੇ (ਥਰਡ ਪਾਰਟੀ ਸਮੇਤ) ਦਾਅਵਿਆਂ, ਲਾਗਤਾਂ, ਨੁਕਸਾਨਾਂ, ਮੰਗਾਂ, ਮੁਕੱਦਮਿਆਂ, ਕਾਰਵਾਈਆਂ, ਕੰਮਾਂ, ਖਰਚਿਆਂ, ਜੁਰਮਾਨੇ, ਨੁਕਸਾਨ, ਦੇਣਦਾਰੀਆਂ, ਮੁਆਵਜ਼ਾ, ਧਮਕੀਆਂ, ਜੁਰਮਾਨੇ ਅਤੇ/ਜਾਂ ਮੁਕੱਦਮੇਬਾਜ਼ੀ, ਜਿਸ ਵਿੱਚ ਵਕੀਲ ਦੀ ਲਾਗਤ/ਖਰਚ ("ਨੁਕਸਾਨ") ਸ਼ਾਮਲ ਹੈ, ਲਈ ਮੁਆਵਜਾ ਦੇਵੇਗਾ, ਸੁਰੱਖਿਅਤ ਅਤੇ ਹਾਨੀਰਹਿਤ ਰੱਖੇਗਾ, ਜੋ ਮੁਆਵਜਾ ਪ੍ਰਾਪਤਕਰਤਾ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੇਵਾਵਾਂ ਦੀ ਵਰਤੋਂ ਅਤੇ ਐਕਸਿਸ ਮੋਬਾਈਲ ਐਪਲੀਕੇਸ਼ਨ ਸੇਵਾਵਾਂ ਦੀ ਵਰਤੋਂ ਰਾਹੀਂ ਕੀਤੀ ਗਈ ਕਿਸੀ ਵੀ ਅਤੇ ਸਾਰੀਆਂ ਟ੍ਰਾਂਜ਼ੈਕਸ਼ਨ ਕਾਰਨ ਪੈਦਾ ਹੋਣ ਵਾਲੇ ਜਾਂ ਉਸ ਨਾਲ ਸਬੰਧਤ ਨੁਕਸਾਨ ਕਾਰਨ ਹੋਏ ਹਨ, ਅਤੇ/ਜਾਂ ਗਾਹਕ ਦੇ ਜਾਣਕਾਰੀ ਨਾਲ ਜਾਂ ਬਿਨਾਂ, ਜਾਂ ਭਾਵੇਂ ਇਹ ਟ੍ਰਾਂਜ਼ੈਕਸ਼ਨ ਸਦਭਾਵਨਾ ਨਾਲ ਕੀਤੇ ਗਏ ਹਨ ਜਾਂ ਫਿਰ ਜਿਹਨਾਂ ਨੂੰ ਗਾਹਕ ਇਸ ਰਾਹੀਂ ਦੁਆਰਾ ਸਵੀਕਾਰ ਕਰਦਾ ਹੈ ਕਿ ਮੁਆਵਜ਼ਾ ਪ੍ਰਾਪਤਕਰਤਾ ਨੇ ਗਾਹਕ ਦੇ ਟ੍ਰਾਂਜ਼ੈਕਸ਼ਨ ਨਿਰਦੇਸ਼ਾਂ ਅਤੇ ਗਾਹਕ ਦੇ ਅਧਿਕਾਰ ਮੁਤਾਬਕ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ ਹੋਰ ਲਾਗੂ ਖਾਸ ਨਿਯਮਾਂ ਅਤੇ ਸ਼ਰਤਾਂ, ਜਿਵੇਂ ਵੀ ਮਾਮਲਾ ਹੋਵੇ, ਅਨੁਸਾਰ ਪ੍ਰਕਿਰਿਆ ਕੀਤੀ ਹੈ. ਗਾਹਕ ਅੱਗੇ ਸਹਿਮਤ ਹੁੰਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਇਹ ਮੁਆਵਜ਼ਾ ਅੰਸ਼ਕ ਤੌਰ 'ਤੇ ਸੇਵਾਵਾਂ ਵਾਪਸ ਲੈਣ ਦੇ ਬਾਵਜੂਦ ਵੀ ਵੈਧ ਅਤੇ ਜਾਰੀ ਰਹੇਗਾ ਅਤੇ ਗਾਹਕ 'ਤੇ ਲਾਗੂ ਰਹੇਗਾ.
- ਗਾਹਕ ਇਸ ਰਾਹੀਂ ਸਹਿਮਤੀ ਹੈ ਕਿ ਉਹ ਮੁਆਵਜਾ ਪ੍ਰਾਪਤਕਰਤਾ ਨੂੰ ਮੰਗ ਅਨੁਸਾਰ ਅਜਿਹੀ ਰਕਮ ਦਾ ਭੁਗਤਾਨ ਕਰੇਗਾ, ਜੋ ਮੁਆਵਜਾ ਪ੍ਰਾਪਤਕਰਤਾ ਖੁਦ ਨਿਰਧਾਰਤ ਕਰੇਗਾ, ਜੋ ਕਿਸੇ ਵੀ ਨੁਕਸਾਨ ਦੇ ਭੁਗਤਾਨ ਦੀ ਭਰਪਾਈ ਲਈ ਕਾਫੀ ਹੈ, ਭਾਵੇਂ ਇਹ ਨੁਕਸਾਨ ਹੋਏ ਨਾ ਹੋਣ, ਜਾਂ ਅਕਾਸਮਿਕ ਪ੍ਰਕਿਰਤੀ ਦੇ ਹੋਣ.

**ਜੋਖ਼ਮ**

ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ, ਗਾਹਕ ਡਿਜ਼ੀਟਲ ਅਤੇ ਮੋਬਾਈਲ ਬੈਂਕਿੰਗ ਸੇਵਾਵਾਂ ਨਾਲ ਸਬੰਧਿਤ ਅੰਦਰੂਨੀ ਜੋਖਮਾਂ ਨੂੰ ਸਵੀਕਾਰ ਕਰਦਾ ਹੈ ਅਤੇ ਸਮਝਦਾ ਹੈ. ਹਾਲਾਂਕਿ ਐਕਸਿਸ ਬੈਂਕ ਮਜ਼ਬੂਤ ਸੁਰੱਖਿਆ ਉਪਾਅ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਫਿਰ ਵੀ ਗਾਹਕ ਸਹਿਮਤ ਹੁੰਦਾ ਹੈ ਕਿ ਬੈਂਕ ਆਪਣੇ ਕੰਟਰੋਲ ਤੋਂ ਬਾਹਰ ਦੇ ਕਾਰਕਾਂ ਦੇ ਕਾਰਨ ਪੂਰੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦਾ. ਗਾਹਕ ਸਪੱਸ਼ਟ ਤੌਰ 'ਤੇ ਹੇਠਾਂ ਦਿੱਤੇ ਸੰਭਾਵਿਤ ਜੋਖਮਾਂ ਨਾਲ ਸਹਿਮਤ ਹੁੰਦਾ ਹੈ ਅਤੇ ਸਵੀਕਾਰ ਕਰਦਾ ਹੈ:

1. **ਅਣਅਧਿਕਾਰਤ ਐਕਸੈਸ**: ਅਣਅਧਿਕਾਰਤ ਐਕਸੈਸ ਉਦੋਂ ਹੁੰਦਾ ਹੈ ਜਦੋਂ ਗਾਹਕ ਦੇ ਕ੍ਰੀਡੈਂਸ਼ੀਅਲ, ਜਿਸ ਵਿੱਚ ਐਮ-ਪਿੰਨ, ਪਾਸਵਰਡ ਜਾਂ ਮੋਬਾਈਲ ਡਿਵਾਈਸ ਦੀ ਸੁਰੱਖਿਆ ਸੈਟਿੰਗ ਸ਼ਾਮਲ ਹਨ, ਨਾਲ ਛੇੜਛਾੜ ਕੀਤੀ ਜਾਂਦੀ ਹੈ. ਗਾਹਕ ਸਹਿਮਤ ਹੈ ਕਿ ਇਨ੍ਹਾਂ ਕ੍ਰੀਡੈਂਸ਼ੀਅਲ ਦੀ ਗੋਪਨੀਯਤਾ ਨੂੰ ਬਰਕਰਾਰ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ.
2. **ਮੋਬਾਈਲ ਡਿਵਾਈਸ ਗੁੰਮ ਹੋਣਾ ਜਾਂ ਚੋਰੀ ਹੋਣਾ**: ਗਾਹਕ ਦੇ ਮੋਬਾਈਲ ਫੋਨ ਦੇ ਗੁੰਮ ਹੋਣ ਜਾਂ ਚੋਰੀ ਹੋਣ ਨਾਲ ਸੰਵੇਦਨਸ਼ੀਲ ਬੈਂਕਿੰਗ ਡਾਟਾ ਲੀਕ ਹੋ ਸਕਦਾ ਹੈ, ਜਿਸ ਨਾਲ ਅਣਅਧਿਕਾਰਤ ਟ੍ਰਾਂਜ਼ੈਕਸ਼ਨ ਦਾ ਜੋਖਮ ਵਧ ਸਕਦਾ ਹੈ. ਅਜਿਹੀਆਂ ਸਥਿਤੀਆਂ ਵਿੱਚ ਐਕਸਿਸ ਬੈਂਕ ਨੂੰ ਤੁਰੰਤ ਸੂਚਿਤ ਕਰਕੇ ਆਪਣੇ ਖਾਤੇ ਤੱਕ ਐਕਸੈਸ ਨੂੰ ਬਲਾਕ ਕਰਵਾਉਣਾ ਗਾਹਕ ਦੀ ਜ਼ਿੰਮੇਵਾਰੀ ਹੈ.
3. **ਸਾਈਬਰ-ਹਮਲੇ**: ਗਾਹਕ ਸਵੀਕਾਰ ਕਰਦਾ ਹੈ ਕਿ ਮੋਬਾਈਲ ਬੈਂਕਿੰਗ ਸੇਵਾਵਾਂ ਹੈਕਿੰਗ, ਮਾਲਵੇਅਰ, ਰੈਨਸਮਵੇਅਰ ਅਤੇ ਵਾਇਰਸ ਸਮੇਤ ਸਾਈਬਰ ਖਤਰਿਆਂ ਪ੍ਰਤੀ ਸੰਵੇਦਨਸ਼ੀਲ ਹਨ, ਜਿਸ ਨਾਲ ਸੰਭਾਵਤ ਤੌਰ 'ਤੇ ਨਿੱਜੀ ਅਤੇ ਵਿੱਤੀ ਜਾਣਕਾਰੀ 'ਤੇ ਖਤਰਾ ਬਣ ਸਕਦਾ ਹੈ.
4. **ਫਿਸ਼ਿੰਗ ਅਤੇ ਸੋਸ਼ਲ ਇੰਜੀਨੀਅਰਿੰਗ ਹਮਲੇ**: ਗਾਹਕਾਂ ਨੂੰ ਉਹਨਾਂ ਦੇ ਸੰਵੇਦਨਸ਼ੀਲ ਬੈਂਕਿੰਗ ਕ੍ਰੀਡੈਂਸ਼ੀਅਲ ਪ੍ਰਾਪਤ ਕਰਨ

ਲਈ ਫਿਸ਼ਿੰਗ ਈ-ਮੇਲ, ਧੋਖਾਧੜੀ ਵਾਲੀ ਵੈੱਬਸਾਈਟ, ਕਾਲ, ਮੈਸੇਜ ਜਾਂ ਹੋਰ ਧੋਖਾਧੜੀ ਦੇ ਤਰੀਕਿਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ. ਗਾਹਕ ਨੂੰ ਚੌਕੰਨੇ ਅਤੇ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਸ਼ੱਕੀ ਬੇਨਤੀਆਂ ਦਾ ਜਵਾਬ ਦੇਣ ਤੋਂ ਬਚਣਾ ਚਾਹੀਦਾ ਹੈ.

5. **ਮਾਲਵੇਅਰ ਹਮਲੇ**: ਮੋਬਾਈਲ ਡਿਵਾਈਸ 'ਤੇ ਖਤਰਨਾਕ ਸਾਫਟਵੇਅਰ (ਮਾਲਵੇਅਰ) ਨੂੰ ਇੰਸਟਾਲ ਕਰਨ ਨਾਲ ਨਿੱਜੀ ਡਾਟਾ, ਲਾਗ-ਇਨ ਕ੍ਰੀਡੈਂਸ਼ੀਅਲ ਅਤੇ ਟ੍ਰਾਂਜ਼ੈਕਸ਼ਨਲ ਵੇਰਵਿਆਂ ਤੱਕ ਅਣਅਧਿਕਾਰਤ ਐਕਸੈਸ ਹੋ ਸਕਦਾ ਹੈ. ਗਾਹਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਡਿਵਾਈਸ ਭਰੋਸੇਮੰਦ ਸੁਰੱਖਿਆ ਸਾਫਟਵੇਅਰ ਨਾਲ ਸੁਰੱਖਿਅਤ ਹਨ ਅਤੇ ਗੈਰ-ਭਰੋਸੇਮੰਦ ਸਰੋਤਾਂ ਤੋਂ ਐਪਲੀਕੇਸ਼ਨ ਡਾਊਨਲੋਡ ਕਰਨ ਤੋਂ ਬਚਣਾ ਚਾਹੀਦਾ ਹੈ.
6. **ਪ੍ਰਕਿਰਿਆ ਸਬੰਧੀ ਖਰਾਬੀਆਂ**: ਸਿਸਟਮ ਵਿੱਚ ਗੜਬੜੀਆਂ, ਸਾਫਟਵੇਅਰ ਬੱਗ ਜਾਂ ਮਨੁੱਖੀ ਇਨਪੁੱਟ ਸਬੰਧੀ ਖਰਾਬੀਆਂ ਦੇ ਕਾਰਨ, ਪ੍ਰਕਿਰਿਆ ਵਿੱਚ ਖਰਾਬੀਆਂ ਪੈਦਾ ਹੋ ਸਕਦੀਆਂ ਹਨ, ਜਿਸ ਨਾਲ ਟ੍ਰਾਂਜ਼ੈਕਸ਼ਨ ਫੇਲ ਹੋ ਸਕਦੀ ਹੈ, ਪਰ ਇਸ ਤੱਕ ਹੀ ਸੀਮਿਤ ਨਹੀਂ ਹੈ. ਗਾਹਕ ਸਪੱਸ਼ਟ ਤੌਰ 'ਤੇ ਸਹਿਮਤ ਹੈ ਕਿ ਐਕਸਿਸ ਬੈਂਕ ਅਜਿਹੀ ਕਿਸੇ ਵੀ ਗਲਤੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜਦੋਂ ਤੱਕ ਅਜਿਹਾ ਬੈਂਕ ਵਲੋਂ ਕੀਤੀ ਗੰਭੀਰ ਲਾਪਰਵਾਹੀ ਜਾਂ ਜਾਣਬੁੱਝ ਕੇ ਗਲਤ ਵਿਵਹਾਰ ਦੇ ਕਾਰਨ ਨਹੀਂ ਹੁੰਦਾ.
7. **ਟ੍ਰਾਂਜ਼ੈਕਸ਼ਨਲ ਜੋਖਮ**: ਮੋਬਾਈਲ ਬੈਂਕਿੰਗ ਰਾਹੀਂ ਕੀਤੇ ਗਏ ਟ੍ਰਾਂਜ਼ੈਕਸ਼ਨ ਨੂੰ ਕਈ ਵਾਰ ਤਕਨੀਕੀ ਸਮੱਸਿਆਵਾਂ, ਨੈੱਟਵਰਕ ਅਸਫਲਤਾਵਾਂ, ਸਰਵਰ ਡਾਊਨਟਾਈਮ ਜਾਂ ਟ੍ਰਾਂਜ਼ੈਕਸ਼ਨ ਪ੍ਰੋਸੈਸਿੰਗ ਖਰਾਬੀਆਂ ਦੇ ਕਾਰਨ ਦੇਰੀ, ਅਸਫਲਤਾਵਾਂ ਜਾਂ ਤਰੁੱਟੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ. ਐਕਸਿਸ ਬੈਂਕ ਨੂੰ ਇਸ ਦੇ ਉਚਿੱਤ ਕੰਟਰੋਲ ਤੋਂ ਬਾਹਰ ਵਾਲੀ ਅਜਿਹੀ ਟ੍ਰਾਂਜ਼ੈਕਸ਼ਨ ਵਿੱਚ ਰੁਕਾਵਟ ਤੋਂ ਪੈਦਾ ਹੋਣ ਵਾਲੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
8. **ਸੁਰੱਖਿਆ ਦੀ ਉਲੰਘਣਾ**: ਮਜ਼ਬੂਤ ਸਾਈਬਰ ਸੁਰੱਖਿਆ ਬੁਨਿਆਦੀ ਢਾਂਚੇ ਦੀ ਵਰਤੋਂ ਦੇ ਬਾਵਜੂਦ, ਅਣਅਧਿਕਾਰਤ ਘੁਸਪੈਠ, ਹੈਕਿੰਗ ਸਬੰਧੀ ਕੋਸ਼ਿਸ਼ਾਂ ਜਾਂ ਡਾਟਾ ਦੀ ਉਲੰਘਣਾ ਦਾ ਜੋਖਮ ਬਣਿਆ ਰਹਿੰਦਾ ਹੈ. ਗਾਹਕ ਸਵੀਕਾਰ ਕਰਦੇ ਹਨ ਕਿ ਐਕਸਿਸ ਬੈਂਕ ਨੂੰ ਉਸ ਸੁਰੱਖਿਆ ਉਲੰਘਣਾ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜੋ ਬੈਂਕ ਦੇ ਉੱਚਿਤ ਕੰਟਰੋਲ ਤੋਂ ਬਾਹਰ ਹਨ.
9. **ਡਾਟਾ ਦੀ ਉਲੰਘਣਾ**: ਗਾਹਕ ਸਮਝਦਾ ਹੈ ਕਿ ਐਕਸਿਸ ਬੈਂਕ ਵਲੋਂ ਢੁੱਕਵੀਆਂ ਕੋਸ਼ਿਸ਼ਾਂ ਦੇ ਬਾਵਜੂਦ ਡਾਟਾ ਦੀ ਉਲੰਘਣਾ ਹੋ ਸਕਦੀ ਹੈ. ਅਜਿਹੇ ਉਲੰਘਣ ਕਾਰਨ ਸੰਵੇਦਨਸ਼ੀਲ ਨਿੱਜੀ ਅਤੇ ਵਿੱਤੀ ਜਾਣਕਾਰੀ ਲੀਕ ਹੋ ਸਕਦੀ ਹੈ, ਜਿਸ ਨਾਲ ਪਛਾਣ ਦੀ ਚੋਰੀ, ਵਿੱਤੀ ਧੋਖਾਧੜੀ ਅਤੇ ਗੋਪਨੀਯਤਾ ਵਿੱਚ ਦਖਲਅੰਦਾਜ਼ੀ ਦੇ ਖਤਰੇ ਪੈਦਾ ਹੋ ਸਕਦੇ ਹਨ.
10. **ਥਰਡ-ਪਾਰਟੀ ਸੇਵਾ ਪ੍ਰਦਾਤਾ**: ਐਕਸਿਸ ਬੈਂਕ ਕੁਝ ਸੇਵਾਵਾਂ ਲਈ ਥਰਡ-ਪਾਰਟੀ ਸੇਵਾ ਪ੍ਰਦਾਤਾਵਾਂ ਨੂੰ ਨਿਯੁਕਤ ਕਰ ਸਕਦਾ ਹੈ. ਗਾਹਕ ਸਵੀਕਾਰ ਕਰਦਾ ਹੈ ਕਿ ਥਰਡ-ਪਾਰਟੀ ਪ੍ਰਦਾਤਾਵਾਂ 'ਤੇ ਭਰੋਸਾ ਕਰਨ ਨਾਲ ਜੋਖਮ ਹੋ ਸਕਦਾ ਹੈ, ਜਿਸ ਵਿੱਚ ਅਜਿਹੀਆਂ ਥਰਡ ਪਾਰਟੀਆਂ ਵਲੋਂ ਸੇਵਾਵਾਂ ਦੀ ਅਸਫਲਤਾ ਜਾਂ ਡਾਟਾ ਸੁਰੱਖਿਆ ਦਾ ਉਲੰਘਣ ਸ਼ਾਮਲ ਹੈ. ਬੈਂਕ ਇਨ੍ਹਾਂ ਥਰਡ ਪਾਰਟੀਆਂ ਵਲੋਂ ਕਿਸੇ ਵੀ ਉਲੰਘਣ ਜਾਂ ਅਸਫਲਤਾ ਲਈ ਜ਼ਿੰਮੇਵਾਰ ਨਹੀਂ ਹੋਵੇਗਾ.
11. **ਸੇਵਾ ਦੀ ਅਣ-ਉਪਲਬਧਤਾ**: ਸਮੇਂ-ਸਮੇਂ 'ਤੇ, ਨਿਰਧਾਰਤ ਰੱਖ-ਰਖਾਵ, ਸਿਸਟਮ ਅੱਪਡੇਟ ਜਾਂ ਅਣਪਛਾਤੀਆਂ ਤਕਨੀਕੀ ਸਮੱਸਿਆਵਾਂ ਦੇ ਕਾਰਨ ਮੋਬਾਈਲ ਬੈਂਕਿੰਗ ਸੇਵਾਵਾਂ ਵਿੱਚ ਰੁਕਾਵਟ ਆ ਸਕਦੀ ਹੈ. ਗਾਹਕ ਸਮਝਦੇ ਹਨ ਅਤੇ ਸਵੀਕਾਰ ਕਰਦੇ ਹਨ ਕਿ ਸੇਵਾ ਦੀ ਅਣ-ਉਪਲਬਧਤਾ ਸਮੇਂ ਬੈਂਕਿੰਗ ਸੇਵਾਵਾਂ ਤੱਕ ਐਕਸੈਸ ਕਰਨ ਵਿੱਚ ਕਿਸੇ ਵੀ ਦੇਰੀ, ਰੁਕਾਵਟ ਜਾਂ ਅਸਮਰੱਥਾ ਲਈ ਐਕਸਿਸ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
12. **ਇੰਟਰਨੈੱਟ ਅਤੇ ਟੈਲੀਕਮਿਊਨਿਕੇਸ਼ਨ ਨਾਲ ਸਬੰਧਤ ਜੋਖਮ**: ਮੋਬਾਈਲ ਬੈਂਕਿੰਗ ਸੇਵਾਵਾਂ ਕਾਫੀ ਹੱਦ ਤੱਕ ਇੰਟਰਨੈੱਟ ਕਨੈਕਟੀਵਿਟੀ ਅਤੇ ਟੈਲੀਕਮਿਊਨਿਕੇਸ਼ਨ ਸੇਵਾਵਾਂ 'ਤੇ ਨਿਰਭਰ ਕਰਦੀਆਂ ਹਨ, ਜਿਸ ਨਾਲ ਰੁਕਾਵਟਾਂ, ਖਰਾਬ ਕਨੈਕਟੀਵਿਟੀ, ਨੈੱਟਵਰਕ ਸਮੱਸਿਆਵਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਅਸਫਲਤਾਵਾਂ ਸਬੰਧੀ ਖਤਰੇ ਬਣ ਸਕਦੇ ਹਨ. ਗਾਹਕ ਇਨ੍ਹਾਂ ਜੋਖਮਾਂ ਨੂੰ ਸਵੀਕਾਰ ਕਰਦਾ ਹੈ ਅਤੇ ਸਹਿਮਤ ਹੁੰਦਾ ਹੈ ਕਿ ਅਜਿਹੇ ਕਾਰਕਾਂ ਦੇ ਕਾਰਨ ਹੋਣ ਵਾਲੇ ਵਿਘਨ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੈ.
13. **ਰੈਗੂਲੇਟਰੀ ਅਤੇ ਕਾਨੂੰਨੀ ਜੋਖਮ**: ਮੋਬਾਈਲ ਬੈਂਕਿੰਗ ਰੈਗੂਲੇਟਰੀ ਫਰੇਮਵਰਕ, ਦਿਸ਼ਾ-ਨਿਰਦੇਸ਼ਾਂ ਅਤੇ ਅਨੁਪਾਲਨ ਦੀਆਂ ਜ਼ਰੂਰਤਾਂ ਵਿੱਚ ਬਦਲਾਵ ਅਧੀਨ ਹੈ. ਕਾਨੂੰਨ ਜਾਂ ਨਿਯਮਾਂ ਵਿੱਚ ਬਦਲਾਵ ਮੋਬਾਈਲ ਬੈਂਕਿੰਗ ਸੇਵਾਵਾਂ ਦੀ ਕਾਰਜਸ਼ੀਲਤਾ, ਉਪਲਬਧਤਾ ਜਾਂ ਸੁਰੱਖਿਆ ਮਾਨਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ.

ਗਾਹਕ ਸਹਿਮਤ ਹੈ ਕਿ ਬੈਂਕਿੰਗ ਸੇਵਾਵਾਂ ਦੀ ਵਰਤੋਂ ਕਾਰਨ ਹੋਣ ਵਾਲੇ ਇਨ੍ਹਾਂ ਜਾਂ ਹੋਰ ਜੋਖਮਾਂ ਦੇ ਨਤੀਜੇ ਵਜੋਂ ਹੋਣ ਵਾਲੇ ਕਿਸੇ ਵੀ ਸਿੱਧੇ, ਅਪ੍ਰਤੱਖ, ਅਣਕਿਆਸੇ ਜਾਂ ਪਰਿਣਾਮੀ ਨੁਕਸਾਨ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.

**ਜੋਖਮਾਂ ਨੂੰ ਘੱਟ ਕਰਨ ਲਈ ਗਾਹਕ ਦੀਆਂ ਜ਼ਿੰਮੇਵਾਰੀਆਂ:**

- ਨਵੀਨਤਮ ਵਰਜ਼ਨ ਵਿੱਚ ਨਿਯਮਿਤ ਤੌਰ 'ਤੇ ਮੋਬਾਈਲ ਐਪਲੀਕੇਸ਼ਨ ਅਤੇ ਆਪਰੇਟਿੰਗ ਸਿਸਟਮ ਨੂੰ ਅੱਪਡੇਟ ਕਰੋ.
- ਮੋਬਾਈਲ ਡਿਵਾਈਸ 'ਤੇ ਬਾਇਓਮੈਟ੍ਰਿਕ ਪ੍ਰਮਾਣਿਕਤਾ, ਪਾਸਵਰਡ ਅਤੇ ਪਿੰਨ ਸੁਰੱਖਿਆ ਸਮੇਤ ਮਜ਼ਬੂਤ ਸੁਰੱਖਿਆ ਉਪਾਅ ਨੂੰ ਯੋਗ ਅਤੇ ਬਰਕਰਾਰ ਰੱਖੋ.
- ਬੈਂਕਿੰਗ ਟ੍ਰਾਂਜ਼ੈਕਸ਼ਨ ਕਰਨ ਲਈ ਅਸੁਰੱਖਿਅਤ ਪਬਲਿਕ ਵਾਈ-ਫਾਈ ਨੈੱਟਵਰਕ ਦੀ ਵਰਤੋਂ ਕਰਨ ਤੋਂ ਬਚੋ.
- ਸ਼ੱਕੀ ਜਾਂ ਅਣਅਧਿਕਾਰਤ ਗਤੀਵਿਧੀ ਲਈ ਖਾਤੇ ਦੀ ਸਟੇਟਮੈਂਟ ਅਤੇ ਟ੍ਰਾਂਜ਼ੈਕਸ਼ਨ ਅਲਰਟ ਦੀ ਨਿਯਮਿਤ ਤੌਰ 'ਤੇ ਨਿਗਰਾਨੀ ਕਰੋ.
- ਮੋਬਾਈਲ ਡਿਵਾਈਸ ਅਤੇ/ਜਾਂ ਬੈਂਕਿੰਗ ਕ੍ਰੀਡੈਂਸ਼ੀਅਲ ਦੇ ਗੁੰਮ ਹੋਣ, ਚੋਰੀ ਹੋਣ ਜਾਂ ਛੇੜਛਾੜ ਹੋਣ ਦੀ ਜਾਣਕਾਰੀ ਤੁਰੰਤ ਐਕਸਿਸ ਬੈਂਕ ਨੂੰ ਦਿਓ.
- ਅਜਿਹੇ ਗੈਰ-ਜ਼ਰੂਰੀ ਸੰਚਾਰਾਂ ਦਾ ਜਵਾਬ ਦੇਣ ਤੋਂ ਸਾਵਧਾਨੀ ਵਰਤੋ, ਜਿਸ ਵਿੱਚ ਨਿੱਜੀ ਜਾਂ ਵਿੱਤੀ ਜਾਣਕਾਰੀ ਦੀ ਮੰਗ ਕੀਤੀ ਗਈ ਹੋਵੇ.
- ਸੁਰੱਖਿਆ ਨੂੰ ਬਰਕਰਾਰ ਰੱਖਣ ਅਤੇ ਜੋਖਮ ਨੂੰ ਘੱਟ ਕਰਨ ਲਈ ਨਿਯਮਤ ਤੌਰ 'ਤੇ ਪਾਸਵਰਡ ਅਤੇ ਐਮ-ਪਿੰਨ ਬਦਲੋ.

**ਐਕਸਿਸ ਬੈਂਕ ਦੇ ਉਪਾਅ:**

- ਐਕਸਿਸ ਬੈਂਕ ਗਾਹਕ ਦੇ ਡਾਟਾ ਨੂੰ ਸੁਰੱਖਿਅਤ ਕਰਨ ਲਈ ਐਨਕ੍ਰਿਪਸ਼ਨ, ਫਾਇਰਵਾਲ, ਸੁਰੱਖਿਅਤ ਪ੍ਰਮਾਣਿਕਤਾ ਵਿਧੀਆਂ ਅਤੇ ਨਿਯਮਿਤ ਸੁਰੱਖਿਆ ਆਡਿਟ ਸਮੇਤ ਉੱਨਤ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦਾ ਹੈ. ਗਾਹਕ ਸਵੀਕਾਰ ਕਰਦਾ ਹੈ ਕਿ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ, ਜੋਖਮਾਂ ਲਈ ਪੂਰੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾ ਸਕਦੀ.
- ਗਾਹਕ ਸਹਿਮਤ ਹੈ ਕਿ ਐਕਸਿਸ ਬੈਂਕ ਉਪਰੋਕਤ ਦੱਸੇ ਗਏ ਜੋਖਮਾਂ ਜਾਂ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਨਾਲ ਸਬੰਧਤ ਹੋਰ ਜੋਖਮਾਂ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਸਪੱਸ਼ਟ, ਅਸਪੱਸ਼ਟ, ਪਰਿਣਾਮੀ ਜਾਂ ਆਕਸਮਿਕ ਨੁਕਸਾਨ, ਹਾਨੀ, ਕਲੇਮ, ਦੇਣਦਾਰੀਆਂ ਜਾਂ ਖਰਚਿਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ, ਸਿਵਾਏ ਬੈਂਕ ਵੱਲੋਂ ਕੀਤੀ ਪ੍ਰਮਾਣਿਤ ਗੰਭੀਰ ਲਾਪਰਵਾਹੀ ਜਾਂ ਜਾਣਬੁੱਝ ਕੇ ਕੀਤੇ ਗਲਤ ਵਿਵਹਾਰ ਦੇ ਮਾਮਲਿਆਂ ਨੂੰ ਛੱਡ ਕੇ.
- ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਜਾਰੀ ਰੱਖ ਕੇ, ਗਾਹਕ ਇਨ੍ਹਾਂ ਜੋਖਮਾਂ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਐਕਸਿਸ ਬੈਂਕ ਦੀ ਦੇਣਦਾਰੀ ਦੀਆਂ ਸੀਮਾਵਾਂ ਨੂੰ ਸਮਝਣ ਅਤੇ ਸਵੀਕਾਰ ਕਰਨ ਦੀ ਪੁਸ਼ਟੀ ਕਰਦਾ ਹੈ.

**ਸੁਰੱਖਿਅਤ ਬੈਂਕਿੰਗ**

**ਕਰਨ ਅਤੇ ਨਾ ਕਰਨ ਵਾਲੇ ਕੰਮ**

- ਮੋਬਾਈਲ ਬੈਂਕਿੰਗ ਬੈਂਕ, ਆਰਬੀਆਈ ਜਾਂ ਅਜਿਹੀ ਕੋਈ ਹੋਰ ਸੰਸਥਾ ਕਦੇ ਵੀ ਤੁਹਾਡੀ ਨਿੱਜੀ ਜਾਂ ਬੈਂਕਿੰਗ ਜਾਣਕਾਰੀ ਮੰਗਣ ਲਈ ਕਾਲ ਨਹੀਂ ਕਰਦੀ, ਈ-ਮੇਲ ਜਾਂ ਐਸਐਮਐਸ ਨਹੀਂ ਭੇਜਦੀ. ਅਜਿਹੀ ਧੋਖਾਧੜੀ ਦਾ ਸ਼ਿਕਾਰ ਨਾ ਬਣੋ.
- ਕਿਸੇ ਵੀ ਅਜਿਹੇ ਮੈਸੇਜ/ਭੇਜਣ ਵਾਲੇ ਤੋਂ ਆਏ ਕਿਸੇ ਵੀ ਯੂਆਰਐਲ 'ਤੇ ਨਾ ਜਾਓ, ਜਿਸ ਬਾਰੇ ਤੁਹਾਨੂੰ ਪੂਰਾ ਯਕੀਨ ਨਹੀਂ ਹੈ.
- ਏਟੀਐਮ ਕਾਰਡ ਦੀ ਵਰਤੋਂ ਕਰਨ ਜਾਂ ਸ਼ਾਖਾ ਵਿੱਚ ਨਕਦੀ ਨੂੰ ਸੰਭਾਲਣ ਲਈ ਅਜਨਬੀਆਂ ਤੋਂ ਮਦਦ ਨਾ ਲਓ ਅਤੇ ਟ੍ਰਾਂਜ਼ੈਕਸ਼ਨ ਕਰਨ ਵੇਲੇ ਉਨ੍ਹਾਂ ਨੂੰ ਤੁਹਾਨੂੰ ਦੇਖਣ ਨਾ ਦਿਓ.
- ਸਾਈਬਰ ਕੈਫੇ/ਸ਼ੇਅਰਡ ਕੰਪਿਊਟਰ ਤੋਂ ਆਪਣੇ ਇੰਟਰਨੈੱਟ ਬੈਂਕਿੰਗ ਖਾਤੇ ਨੂੰ ਐਕਸੈਸ ਕਰਨ ਤੋਂ ਗੁਰੇਜ ਕਰੋ. ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਆਪਣੇ ਖੁਦ ਦੇ ਕੰਪਿਊਟਰ ਤੋਂ ਆਪਣਾ ਪਾਸਵਰਡ ਬਦਲੋ.
- ਇਹ ਯਕੀਨੀ ਬਣਾਓ ਕਿ ਤੁਸੀਂ ਨਿਯਮਤ ਤੌਰ 'ਤੇ ਟ੍ਰਾਂਜ਼ੈਕਸ਼ਨ ਅਲਰਟ ਪ੍ਰਾਪਤ ਕਰਨ ਲਈ ਬੈਂਕ ਕੋਲ ਸਹੀ ਮੋਬਾਈਲ ਨੰਬਰ ਅੱਪਡੇਟ ਕੀਤਾ ਹੈ.

**ਸੁਰੱਖਿਅਤ ਵਰਤੋਂ ਦੇ ਦਿਸ਼ਾ-ਨਿਰਦੇਸ਼**

- ਅਣਜਾਣ ਗਾਹਕਾਂ ਨੂੰ ਐਪ ਐਕਸੈਸ ਨਾ ਦਿਓ.
- ਹਮੇਸ਼ਾ ਪਲੇ ਸਟੋਰ ਅਤੇ ਐਪ ਸਟੋਰ ਵਰਗੇ ਸੁਰੱਖਿਅਤ ਸਰੋਤਾਂ ਤੋਂ ਐਪਲੀਕੇਸ਼ਨ ਡਾਊਨਲੋਡ ਕਰੋ.
- 3ਜੀ ਪਾਰਟੀ ਤੋਂ ਜਾਂ ਅਣਜਾਣ ਸਰੋਤਾਂ ਤੋਂ ਐਪਲੀਕੇਸ਼ਨ ਡਾਊਨਲੋਡ ਕਰਨ ਤੋਂ ਬਚਣਾ ਚਾਹੀਦਾ ਹੈ.
- ਕਲੈਕਸ਼ਨ ਦੀ ਬੇਨਤੀ ਸਵੀਕਾਰ ਕਰਨ ਵੇਲੇ, ਇਹ ਯਕੀਨੀ ਬਣਾਉਣ ਲਈ ਧਿਆਨ ਰੱਖਣਾ ਚਾਹੀਦਾ ਹੈ ਕਿ ਸਹੀ

ਪ੍ਰਾਪਤਕਰਤਾ ਨੂੰ ਮਨਜ਼ੂਰੀ ਦਿੱਤੀ ਗਈ ਹੈ.

- ਜੇ ਤੁਹਾਡਾ ਮੋਬਾਈਲ ਨੰਬਰ ਬਦਲਿਆ ਗਿਆ ਹੈ ਤਾਂ ਬੈਂਕ ਨੂੰ ਆਪਣੇ ਨਵੇਂ ਮੋਬਾਈਲ ਨੰਬਰ ਦੇ ਬਾਰੇ ਸੂਚਿਤ ਕਰਨਾ ਨਾ ਭੁੱਲੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਐਸਐਮਐਸ ਨੋਟੀਫਿਕੇਸ਼ਨ ਪ੍ਰਾਪਤ ਹੁੰਦੇ ਰਹਿਣ.
- ਕਾਲਰ ਟਿਊਨ, ਡਾਇਲਰ ਟਿਊਨ ਜਾਂ ਜਾਣ-ਪਛਾਣੇ ਜਾਂ ਅਣਜਾਣ ਸਰੋਤਾਂ ਤੋਂ ਈ-ਮੇਲ ਜਾਂ ਅਟੈਚਮੈਂਟ ਜਿਹੇ ਆਫਰ ਸਵੀਕਾਰ ਕਰਨ ਵੇਲੇ ਸਾਵਧਾਨ ਰਹੋ.
- ਆਪਣੇ ਫੋਨ/ਕੰਪਿਊਟਰ 'ਤੇ ਕ੍ਰੈਡਿਟ ਕਾਰਡ ਦੇ ਵੇਰਵੇ, ਮੋਬਾਈਲ ਬੈਂਕਿੰਗ ਪਾਸਵਰਡ, ਗਾਹਕ ਆਈਡੀ ਆਦਿ ਵਰਗੀ ਸੰਵੇਦਨਸ਼ੀਲ ਜਾਣਕਾਰੀ ਸਟੋਰ ਨਾ ਕਰੋ.
- ਆਪਣਾ ਪਿੰਨ ਨਿਯਮਤ ਤੌਰ 'ਤੇ ਬਦਲੋ.
- ਜਨਤਕ ਥਾਵਾਂ 'ਤੇ ਬਲੂਟੁੱਥ ਦੀ ਵਰਤੋਂ ਕਰਨ ਵੇਲੇ ਸਾਵਧਾਨ ਰਹੋ ਕਿਉਂਕਿ ਕੋਈ ਤੁਹਾਡੇ ਗੁਪਤ ਡੇਟਾ/ਜਾਣਕਾਰੀ ਤੱਕ ਪਹੁੰਚ ਸਕਦਾ ਹੈ.
- ਅਜਿਹੇ ਈ-ਮੇਲ/ਸੋਸ਼ਲ ਨੈੱਟਵਰਕਿੰਗ ਸਾਈਟ ਵਿੱਚ ਸ਼ਾਮਲ ਲਿੰਕ 'ਤੇ ਕਲਿੱਕ ਨਾ ਕਰੋ, ਜੋ ਬੈਂਕ ਦੀ ਤਰਫੋਂ ਹੋਣ ਦਾ ਦਾਅਵਾ ਕਰਦੇ ਹਨ

## ਜੋਖਮ ਅਤੇ ਗਾਹਕ ਦੀ ਜ਼ਿੰਮੇਵਾਰੀ

- ਬੈਂਕ ਗਾਹਕ ਵਲੋਂ ਪ੍ਰਦਾਨ ਕੀਤੇ ਅਨੁਸਾਰ, ਗਾਹਕ ਦੇ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਪਤੇ 'ਤੇ ਅਲਰਟ ਅਤੇ ਖਾਤੇ ਨਾਲ ਸੰਬੰਧਿਤ ਜਾਣਕਾਰੀ ਭੇਜੇਗਾ. ਇਹ ਗਾਹਕ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਵੇ ਕਿ ਬੈਂਕ ਨੂੰ ਪ੍ਰਦਾਨ ਕੀਤਾ ਗਿਆ ਮੋਬਾਈਲ ਨੰਬਰ ਅਤੇ ਈ-ਮੇਲ ਪਤਾ ਸਹੀ ਹੈ ਅਤੇ ਬੈਂਕ ਦੇ ਰਿਕਾਰਡ ਵਿੱਚ ਅੱਪ-ਟੂ-ਡੇਟ ਰੱਖਿਆ ਗਿਆ ਹੈ.
- ਗਾਹਕ ਆਪਣੇ ਮੋਬਾਈਲ ਡਿਵਾਈਸ ਅਤੇ ਈ-ਮੇਲ ਖਾਤੇ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ. ਜੇ ਗਾਹਕ ਅਜਿਹੇ ਸੰਪਰਕ ਵੇਰਵਿਆਂ ਦੀ ਸਟੀਕਤਾ ਜਾਂ ਸੁਰੱਖਿਆ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹਿੰਦਾ ਹੈ, ਜਾਂ ਬੈਂਕ ਨੂੰ ਕਿਸੇ ਵੀ ਬਦਲਾਵ ਬਾਰੇ ਸੂਚਿਤ ਨਹੀਂ ਕਰਦਾ, ਤਾਂ ਇਸ ਦੀ ਪੂਰਾ ਜੋਖਮ ਅਤੇ ਜ਼ਿੰਮੇਵਾਰੀ ਗਾਹਕ ਦੀ ਹੋਵੇਗੀ. ਗਾਹਕ ਇਹ ਵੀ ਯਕੀਨੀ ਬਣਾਏਗਾ ਕਿ ਉਕਤ ਸੁਵਿਧਾ ਦਾ ਲਾਭ ਲੈਣਾ ਜਾਰੀ ਰੱਖਣ ਲਈ ਉਨ੍ਹਾਂ ਦਾ ਮੋਬਾਈਲ ਫੋਨ ਅਤੇ ਈ-ਮੇਲ ਆਈਡੀ ਕਾਰਜਸ਼ੀਲ ਰਹਿਣ.
- ਗਾਹਕ ਸਪੱਸ਼ਟ ਤੌਰ 'ਤੇ ਸਵੀਕਾਰ ਕਰਦਾ ਹੈ ਕਿ ਮੋਬਾਈਲ ਫੋਨ ਅਤੇ/ਜਾਂ ਈ-ਮੇਲ ਰਾਹੀਂ ਜਾਣਕਾਰੀ ਭੇਜਣਾ ਅੰਦਰੂਨੀ ਤੌਰ 'ਤੇ ਅਸੁਰੱਖਿਅਤ ਹੈ ਅਤੇ ਇਸ ਵਿੱਚ ਕੁਝ ਜੋਖਮ ਹੋ ਸਕਦੇ ਹਨ. ਇਹਨਾਂ ਜੋਖਮਾਂ ਦੇ ਬਾਵਜੂਦ, ਗਾਹਕ ਨੇ ਆਪਣੀ ਸਹੂਲਤ ਲਈ ਅਤੇ ਅਜਿਹੇ ਜੋਖਮਾਂ ਦਾ ਸਾਵਧਾਨੀ ਨਾਲ ਮੁਲਾਂਕਣ ਕਰਨ ਤੋਂ ਬਾਅਦ, ਸਵੈ-ਇੱਛਾ ਨਾਲ ਬੈਂਕ ਨੂੰ ਇਨ੍ਹਾਂ ਚੈਨਲਾਂ ਰਾਹੀਂ ਪ੍ਰਾਪਤ ਨਿਰਦੇਸ਼ਾਂ ਜਾਂ ਸੰਚਾਰਾਂ 'ਤੇ ਕਾਰਵਾਈ ਕਰਨ ਲਈ ਬੇਨਤੀ ਕੀਤੀ ਹੈ ਅਤੇ ਅਧਿਕਾਰਤ ਕੀਤਾ ਹੈ.
- ਗਾਹਕ ਸਵੀਕਾਰ ਕਰਦਾ ਹੈ ਕਿ ਉਹ ਜਿੱਥੇ ਵੀ ਲੋੜ ਹੋਵੇ ਸਹੀ, ਪੂਰੀ ਅਤੇ ਸਟੀਕ ਜਾਣਕਾਰੀ ਪ੍ਰਦਾਨ ਕਰੇਗਾ, ਅਤੇ ਬੈਂਕ ਨੂੰ ਸਬਮਿਟ ਕੀਤੇ ਗਏ ਡਾਟਾ ਦੀ ਸਟੀਕਤਾ ਲਈ ਹਰ ਵੇਲੇ ਪੂਰੀ ਤਰ੍ਹਾਂ ਜ਼ਿੰਮੇਵਾਰ ਰਹੇਗਾ. ਗਾਹਕ ਵਲੋਂ ਪ੍ਰਦਾਨ ਕੀਤੀ ਗਈ ਗਲਤ ਜਾਂ ਅਧੂਰੀ ਜਾਣਕਾਰੀ ਦੇ ਕਾਰਨ ਪੈਦਾ ਹੋਣ ਵਾਲੇ ਨਤੀਜਿਆਂ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
- ਜੇ ਗਾਹਕ ਨੂੰ ਲਗਦਾ ਹੈ ਕਿ ਬੈਂਕ ਵਲੋਂ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਤਰੁੱਟੀ ਹੈ, ਤਾਂ ਗਾਹਕ ਤੁਰੰਤ ਬੈਂਕ ਨੂੰ ਸੂਚਿਤ ਕਰੇਗਾ. ਬੈਂਕ, ਜੇ ਸੰਭਵ ਹੋਵੇ ਤਾਂ ਗਲਤੀ ਨੂੰ ਸੁਧਾਰਨ ਦੀ ਪੂਰੀ ਕੋਸ਼ਿਸ਼ ਕਰੇਗਾ.
- ਗਾਹਕ ਨੂੰ ਉਸ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਐਡਰੈੱਸ ਵਿੱਚ ਕਿਸੇ ਵੀ ਬਦਲਾਵ ਬਾਰੇ ਬਿਨਾਂ ਕਿਸੇ ਦੇਰੀ ਤੋਂ ਬੈਂਕ ਨੂੰ ਸੂਚਿਤ ਕਰਨਾ ਚਾਹੀਦਾ ਹੈ, ਜਿਸ 'ਤੇ ਉਹ ਅਲਰਟ ਜਾਂ ਮੋਬਾਈਲ ਬੈਂਕਿੰਗ ਸੇਵਾਵਾਂ ਪ੍ਰਾਪਤ ਕਰਨਾ ਚਾਹੁੰਦੇ ਹਨ.
- ਖਾਤੇ ਨਾਲ ਸੰਬੰਧਿਤ ਸਾਰੀਆਂ ਟ੍ਰਾਂਜ਼ੈਕਸ਼ਨ ਲਾਗੂ ਬੈਂਕਿੰਗ ਅਭਿਆਸਾਂ, ਅਤੇ ਗਾਹਕ ਦੇ ਖਾਤੇ ਅਤੇ ਸੰਬੰਧਿਤ ਸੇਵਾਵਾਂ ਨੂੰ ਕੰਟਰੋਲ ਕਰਨ ਵਾਲੇ ਮੌਜੂਦਾ ਨਿਯਮ, ਸ਼ਰਤਾਂ ਅਤੇ ਨਿਯਮਾਂ ਅਧੀਨ ਹੋਣਗੀਆਂ. ਇਸ ਤੋਂ ਇਲਾਵਾ, ਫੋਨ ਬੈਂਕਿੰਗ ਅਤੇ ਨੈੱਟ ਬੈਂਕਿੰਗ ਸੇਵਾਵਾਂ ਨਾਲ ਸੰਬੰਧਿਤ ਨਿਯਮ ਅਤੇ ਸ਼ਰਤਾਂ, ਸੰਬੰਧਿਤ ਹੱਦ ਤੱਕ, ਮੋਬਾਈਲ ਬੈਂਕਿੰਗ/ਅਲਰਟ ਸੁਵਿਧਾ 'ਤੇ ਵੀ ਲਾਗੂ ਹੋਣਗੀਆਂ.
- ਗਾਹਕ ਸਿਰਫ ਬੈਂਕ ਵਲੋਂ ਨਿਰਧਾਰਿਤ ਯੋਗਤਾ ਪੂਰੀ ਕਰਨ 'ਤੇ, ਮੋਬਾਈਲ ਬੈਂਕਿੰਗ/ਅਲਰਟ ਸੁਵਿਧਾ ਤੱਕ ਐਕਸੈਸ ਪ੍ਰਾਪਤ ਕਰਨ ਦੀ ਬੇਨਤੀ ਕਰ ਸਕਦੇ ਹਨ. ਗਾਹਕ ਅਜਿਹੇ ਇਵੈਂਟ ਦੇ ਪ੍ਰਕਾਰ ਨੂੰ ਵੀ ਨਿਰਧਾਰਿਤ ਕਰ ਸਕਦਾ ਹੈ ਜੋ ਅਲਰਟ ਨੂੰ ਟ੍ਰਿਗਰ ਕਰੇਗਾ, ਜਿਸ ਨੂੰ ਸਮੇਂ-ਸਮੇਂ 'ਤੇ ਬੈਂਕ ਵਲੋਂ ਨਿਰਧਾਰਿਤ ਜਾਂ ਉਪਲਬਧ ਕੀਤਾ ਜਾ ਸਕਦਾ ਹੈ. ਬੈਂਕ ਆਪਣੀ ਮਰਜ਼ੀ ਅਨੁਸਾਰ ਅਤੇ ਬਿਨਾਂ ਕੋਈ ਕਾਰਨ ਦੱਸੇ ਅਜਿਹੀ ਕਿਸੇ ਵੀ ਐਪਲੀਕੇਸ਼ਨ ਨੂੰ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਰੱਖਦਾ ਹੈ.

## ਲਾਭ ਅਤੇ ਫੀਚਰ

### ਪ੍ਰੀ-ਲਾਗ-ਇਨ ਫੀਚਰ

### ਰੀਚਾਰਜ

- ਵਿਸ਼ੇਸ਼ ਤੌਰ 'ਤੇ ਉਨ੍ਹਾਂ ਡਿਵਾਈਸ ਲਈ ਬਣਾਇਆ ਗਿਆ ਹੈ ਜੋ ਹੇਠ ਲਿੱਖੇ ਆਪਰੇਟਿੰਗ ਸਿਸਟਮ 'ਤੇ ਕਾਰਜਸ਼ੀਲ ਹਨ. ਆਈਓਐਸ ਅਤੇ ਐਂਡਰਾਈਡ, ਗਾਹਕਾਂ ਲਈ ਲਾਗ-ਇਨ ਕੀਤੇ ਬਿਨਾਂ ਉਹਨਾਂ ਦੀ ਸੰਪਰਕ ਸੂਚੀ ਤੋਂ ਚੋਣਵੇਂ ਤੌਰ 'ਤੇ ਕਿਸੇ ਵੀ ਸੰਪਰਕ ਨੰਬਰ ਨੂੰ ਰੀਚਾਰਜ ਕਰਨ ਦੀ ਸੁਵਿਧਾ ਪੇਸ਼ ਕੀਤੀ ਗਈ ਹੈ. \ਬਸ ਆਪਣੇ ਮੋਬਾਈਲ ਦੀ ਸੰਪਰਕ ਸੂਚੀ ਵਿੱਚੋਂ ਉਸ ਮੋਬਾਈਲ ਨੰਬਰ ਨੂੰ ਚੁਣੋ ਜਾਂ ਕੋਈ ਵੀ ਮੋਬਾਈਲ ਨੰਬਰ ਦਰਜ ਕਰੋ ਜਿਸ ਨੂੰ ਤੁਸੀਂ ਰੀਚਾਰਜ ਕਰਨਾ ਚਾਹੁੰਦੇ ਹੋ. ਰੀਚਾਰਜ ਦੀ ਰਕਮ ਦਰਜ ਕਰੋ, ਆਪਣੇ ਐਮ-ਪਿੰਨ ਨਾਲ ਪੁਸ਼ਟੀ ਕਰੋ ਅਤੇ ਰੀਚਾਰਜ ਹੋ ਜਾਵੇਗਾ!

### ਨੀਅਰ ਮੀ

'ਨੀਅਰ ਮੀ' ਦਾ ਰੁਝਾਨ ਤੇਜ਼ੀ ਨਾਲ ਪ੍ਰਸਿੱਧ ਹੋ ਰਿਹਾ ਹੈ. ਓਪਨ ਬਾਏ ਐਕਸਿਸ ਬੈਂਕ ਨਾਲ ਕੁਝ ਕਲਿੱਕ ਵਿੱਚ ਕੰਮ ਆਸਾਨ ਹੋ ਜਾਂਦਾ ਹੈ. ਬਸ ਇਨ੍ਹਾਂ ਹੀ! ਓਪਨ ਬਾਏ ਐਕਸਿਸ ਬੈਂਕ ਐਪ ਦੇ ਬੈਕ ਐਂਡ 'ਤੇ ਆਗਮੈਂਟਿਡ ਰੀਅਲਟੀ ਦੀ ਨਵੀਨਤਮ ਅਤੇ ਟ੍ਰੇਂਡਿੰਗ ਤਕਨਾਲੋਜੀ ਪਹਿਲਾਂ ਹੀ ਲਾਗੂ ਕੀਤੀ ਜਾ ਚੁੱਕੀ ਹੈ. ਓਪਨ ਬਾਏ ਐਕਸਿਸ ਬੈਂਕ ਐਪ 'ਤੇ ਉਪਲਬਧ ਆਗਮੈਂਟਿਡ ਰੀਅਲਟੀ ਰਾਹੀਂ ਤੁਸੀਂ ਆਪਣੇ ਫੋਨ ਦੇ ਕੈਮਰੇ ਦੀ ਵਰਤੋਂ ਕਰਕੇ ਡਾਇਨਿੰਗ ਆਫਰ, ਏਟੀਐਮ, ਸ਼ਾਖਾਵਾਂ ਅਤੇ ਇੱਥੋਂ ਤੱਕ ਕਿ ਹੋਮ ਲੋਨ ਲਈ ਬੈਂਕ ਵਲੋਂ ਪ੍ਰੀ-ਅਪਰੂਵਡ ਪ੍ਰਾਪਰਟੀ (ਸਾਰੇ 5 ਕਿ.ਮੀ. ਦੇ ਦਾਇਰੇ ਅਧੀਨ) ਦਾ ਪਤਾ ਲਗਾ ਸਕਦੇ ਹੋ. ਇਸ ਫੀਚਰ ਦੀ ਵਰਤੋਂ ਕਰਨ ਲਈ ਗਾਹਕ ਨੂੰ:

- ਪ੍ਰੀ-ਲਾਗ-ਇਨ ਸਕ੍ਰੀਨ ਵਿੱਚ ਹੇਠਲੇ ਮੀਨੂ ਤੋਂ 'ਨੀਅਰ ਮੀ' ਨੂੰ ਚੁਣੋ
- ਇਹ ਯਕੀਨੀ ਬਣਾਓ ਕਿ ਉੱਪਰ ਖੱਬੇ ਕੋਨੇ ਵਿੱਚ 'ਨੀਅਰ ਮੀ' ਵਿਕਲਪ ਚੈੱਕ ਕੀਤਾ ਗਿਆ ਹੈ
- ਹੁਣ ਉਹ ਬੈਂਕ ਦੀਆਂ ਸੇਵਾਵਾਂ ਚੁਣੋ ਜਿਸ ਦੀ ਤੁਸੀਂ ਖੋਜ ਕਰ ਰਹੇ ਹੋ
- ਸਕ੍ਰੀਨ 'ਤੇ ਉੱਪਰ ਖੱਬੇ ਪਾਸੇ ਬਾਈਨੋਕੂਲਰ ਆਈਕਨ ਦਬਾਓ
- ਵਿਕਲਪਾਂ ਵਿੱਚੋਂ ਏਆਰ ਵਿਊ ਚੁਣੋ
- ਇਹ ਓਪਨ ਬਾਏ ਐਕਸਿਸ ਬੈਂਕ ਦੀ ਆਗਮੈਂਟਡ ਰੀਅਲਟੀ ਫੀਚਰ ਸ਼ੁਰੂ ਕਰੇਗਾ

ਇਸ ਤੋਂ ਇਲਾਵਾ, ਤੁਸੀਂ ਆਪਣੀ ਖੋਜ ਦੇ ਦਾਇਰੇ ਨੂੰ ਬਦਲ ਸਕਦੇ ਹੋ ਅਤੇ ਆਪਣੇ ਆਲੇ-ਦੁਆਲੇ ਦੇ ਅਜਿਹੇ ਸਾਰੇ ਸਥਾਨਾਂ ਨੂੰ ਦੇਖਣ ਲਈ ਆਪਣਾ ਫੋਨ 360 ਡਿਗਰੀ ਮੂਵ ਕਰ ਸਕਦੇ ਹੋ ਜੋ ਸੇਵਾਵਾਂ ਪ੍ਰਦਾਨ ਕਰ ਰਹੇ ਹਨ. ਤੁਸੀਂ ਸਾਰੇ ਸਥਾਨਾਂ ਨੂੰ ਇਕੱਠੇ ਦੇਖਣ ਲਈ ਬਰਡ'ਸ ਆਈ ਵਿਊ ਨੂੰ ਵੀ ਕਿਰਿਆਸ਼ੀਲ ਕਰ ਸਕਦੇ ਹੋ.

ਤੁਸੀਂ ਲੋਕੇਸ਼ਨ ਚੁਣ ਕੇ ਜਾਂ ਜੀਪੀਐਸ ਆਧਾਰਿਤ ਫੀਚਰ ਦੀ ਵਰਤੋਂ ਕਰਕੇ ਇਨ੍ਹਾਂ ਦੋਵਾਂ ਨੂੰ ਖੋਜ ਸਕਦੇ ਹੋ.

ਧਿਆਨ ਦਿਓ: ਤੁਹਾਨੂੰ ਇਸ ਫੀਚਰ ਲਈ ਆਪਣੇ ਫੋਨ 'ਤੇ ਪ੍ਰਾਈਵੇਸੀ ਸੈਟਿੰਗ ਵਿੱਚ ਲੋਕੇਸ਼ਨ ਸੇਵਾਵਾਂ ਨੂੰ ਯੋਗ ਕਰਨਾ ਹੋਵੇਗਾ.

- ਡਾਇਨਿੰਗ ਡਿਲਾਈਟਸ:
  - ਐਕਸਿਸ ਬੈਂਕ ਡਾਇਨਿੰਗ ਡਿਲਾਈਟਸ ਨਾਲ ਆਪਣੇ ਸ਼ਹਿਰ ਵਿੱਚ ਨਵੇਂ ਭੋਜਨ ਅਤੇ ਫਲੇਵਰ ਖੋਜੋ. ਘੱਟੋ-ਘੱਟ 15% ਦੀ ਛੂਟ ਦਾ ਆਨੰਦ ਲੈਣ ਲਈ ਕਈ ਸ਼ਹਿਰਾਂ ਵਿੱਚ ਪਾਰਟਨਰ ਰੈਸਟੋਰੈਂਟ 'ਤੇ ਆਪਣੇ ਐਕਸਿਸ ਬੈਂਕ ਕਾਰਡ ਦੀ ਵਰਤੋਂ ਕਰੋ.
- ਐਜ ਰਿਵਾਰਡ ਨਾਲ ਭੁਗਤਾਨ ਕਰੋ:
  - ਸ਼ਾਨਦਾਰ ਆਫਰ ਨਾਲ ਆਪਣੇ ਐਜ ਰਿਵਾਰਡ ਪੁਆਇੰਟ ਰਿਡੀਮ ਕਰੋ.
- ਪ੍ਰੀ-ਅਪਰੂਵਡ ਪ੍ਰਾਪਰਟੀ:
  - ਹੋਮ ਲੋਨ ਲਈ ਐਕਸਿਸ ਬੈਂਕ ਵਲੋਂ ਪ੍ਰੀ-ਅਪਰੂਵਡ ਸਾਰੀਆਂ ਪ੍ਰਾਪਰਟੀਆਂ ਦਾ ਪਤਾ ਲਗਾਓ.
- ਸੰਡੇ ਬ੍ਰੰਚ:

- ਚਾਹੇ ਇਹ ਇੱਕ ਵਿਸ਼ੇਸ਼ ਮੌਕਾ ਹੋਵੇ ਜਾਂ ਆਰਾਮਦਾਇਕ ਐਤਵਾਰ ਦੀ ਸ਼ੁਰੂਆਤ ਹੋਵੇ, ਬ੍ਰੰਚ ਜਸ਼ਨ ਲਈ ਜਾਂ ਰੁਝੇਵੇਂ ਭਰੇ ਹਫਤੇ ਤੋਂ ਬਾਅਦ ਆਰਾਮ ਕਰਨ ਲਈ ਇੱਕ ਸੰਪੂਰਨ ਭੋਜਨ ਹੈ. ਐਕਸਿਸ ਬੈਂਕ ਡਾਇਨਿੰਗ ਡਿਲਾਈਟਸ ਮੁੰਬਈ ਅਤੇ ਦਿੱਲੀ ਦੇ ਪ੍ਰਮੁੱਖ ਰੈਸਟੋਰੈਂਟ ਵਿੱਚ ਸੰਡੇ ਬ੍ਰੰਚ 'ਤੇ 15%* ਦੀ ਛੂਟ ਆਫਰ ਕਰਦੇ ਹਨ. ਵਿਸ਼ੇਸ਼ ਛੂਟ ਦਾ ਆਨੰਦ ਲੈਣ ਲਈ ਪਾਰਟਨਰ ਰੈਸਟੋਰੈਂਟ 'ਤੇ ਆਪਣੇ ਐਕਸਿਸ ਬੈਂਕ ਕ੍ਰੈਡਿਟ ਜਾਂ ਡੈਬਿਟ ਕਾਰਡ ਦੀ ਵਰਤੋਂ ਕਰੋ.

**ਪ੍ਰਾਪਰਟੀ ਖੋਜ**
ਪ੍ਰਾਪਰਟੀ, ਪ੍ਰੋਜੈਕਟ ਖੋਜੋ, ਅਤੇ ਪ੍ਰਾਪਰਟੀ ਦੀ ਖੋਜ ਨਾਲ ਇੱਕ ਹੀ ਜਗ੍ਹਾ 'ਤੇ ਲੋਨ ਲਈ ਅਪਲਾਈ ਕਰੋ.

**ਆਫਰ**
ਵੱਖ-ਵੱਖ ਮਰਚੈਂਟ ਵਿੱਚ ਕ੍ਰੈਡਿਟ ਕਾਰਡ, ਇੰਟਰਨੈੱਟ ਬੈਂਕਿੰਗ ਅਤੇ ਡੈਬਿਟ ਕਾਰਡ ਦੀ ਵਰਤੋਂ 'ਤੇ ਆਕਰਸ਼ਕ ਐਕਸਿਸ ਬੈਂਕ ਆਫਰ 'ਤੇ ਨਜ਼ਰ ਰੱਖੋ.

**ਹੁਣੇ ਅਪਲਾਈ ਕਰੋ**
ਫਾਰਮ ਭਰ ਕੇ ਕਿਸੇ ਵੀ ਐਕਸਿਸ ਬੈਂਕ ਪ੍ਰੋਡਕਟ (ਬਚਤ ਖਾਤਾ, ਕ੍ਰੈਡਿਟ ਕਾਰਡ ਅਤੇ ਲੋਨ) ਲਈ ਆਸਾਨੀ ਨਾਲ ਅਪਲਾਈ ਕਰੋ

**ਬਿਲ ਭੁਗਤਾਨ**
ਪ੍ਰੀ-ਲਾਗ-ਇਨ ਸੈਕਸ਼ਨ ਵਿੱਚ ਬਿਲ ਭੁਗਤਾਨ ਦਾ ਵਿਕਲਪ ਸ਼ਾਮਲ ਕਰਨ ਨਾਲ ਚੁਣੇ ਗਏ ਬਿਲਰ ਤੱਕ ਆਸਾਨੀ ਨਾਲ ਐਕਸੈਸ ਕੀਤਾ ਜਾ ਸਕਦਾ ਹੈ. ਬਿਲਰ ਨੂੰ ਰਜਿਸਟਰ ਕੀਤੇ ਬਿਨਾਂ ਤੁਰੰਤ ਬਿਲ ਦਾ ਭੁਗਤਾਨ ਕਰੋ. ਸਿਰਫ ਕੈਟੇਗਰੀ, ਆਪਰੇਟਰ, ਯੂਨੀਕ ਰੈਫਰੈਂਸ ਆਈਡੀ ਅਤੇ ਰਕਮ ਦਰਜ ਕਰੋ ਅਤੇ ਬਿਲ ਦਾ ਭੁਗਤਾਨ ਕੀਤਾ ਗਿਆ ਹੈ.

**ਸਕੈਨ ਕਰੋ ਅਤੇ ਭੁਗਤਾਨ ਕਰੋ**
ਮਰਚੈਂਟ ਆਊਟਲੇਟ ਅਤੇ ਬਿਲ 'ਤੇ ਭਾਰਤ ਕਯੂਆਰ ਜਾਂ ਸਕੈਨ ਯੂਪੀਆਈ ਕਯੂਆਰ ਦੀ ਵਰਤੋਂ ਨਾਲ ਕਯੂਆਰ ਕੋਡ ਸਕੈਨ ਕਰਕੇ ਭੁਗਤਾਨ ਕਰੋ. ਕ੍ਰੈਡਿਟ ਜਾਂ ਡੈਬਿਟ ਕਾਰਡ ਆਪਣੇ ਕੋਲ ਰੱਖਣ ਜਾਂ ਇੰਟਰਨੈੱਟ ਬੈਂਕਿੰਗ ਵਿੱਚ ਲਾਗ-ਇਨ ਕਰਨ ਦੀ ਕੋਈ ਲੋੜ ਨਹੀਂ ਹੈ.

**ਪੋਸਟ-ਲਾਗ-ਇਨ ਫੀਚਰ**

**ਖਾਤੇ**
- ਆਪਣਾ ਖਾਤੇ ਦਾ ਬੈਲੇਂਸ ਦੇਖੋ
- ਮਿੰਨੀ ਸਟੇਟਮੈਂਟ ਦੇਖੋ (ਪਿਛਲੇ 10 ਟ੍ਰਾਂਜ਼ੈਕਸ਼ਨ)
- ਖਾਤੇ ਦੀ ਵਿਸਤ੍ਰਿਤ ਸਟੇਟਮੈਂਟ ਦੇਖੋ (90 ਦਿਨਾਂ ਤੱਕ
- ਖਾਤੇ ਦੀ ਸਟੇਟਮੈਂਟ ਈ-ਮੇਲ ਕਰੋ (12 ਮਹੀਨਿਆਂ ਤੱਕ)
- ਫੋਟੋਆਂ ਅਤੇ ਨਿਕਨੇਮ ਨਾਲ ਖਾਤੇ ਨੂੰ ਪਰਸਨਲਾਈਜ਼ ਕਰੋ

**ਕ੍ਰੈਡਿਟ ਕਾਰਡ**
- ਬਕਾਇਆ ਬੈਲੇਂਸ ਦੇਖੋ
- ਬਿਲ ਨਾ ਕੀਤੇ ਗਏ ਟ੍ਰਾਂਜ਼ੈਕਸ਼ਨ ਦੇਖੋ
- ਮੌਜੂਦਾ ਸਟੇਟਮੈਂਟ ਦੇਖੋ
- ਪੁਰਾਣੀ ਸਟੇਟਮੈਂਟ ਦੇਖੋ
- ਕ੍ਰੈਡਿਟ ਕਾਰਡ ਬਿਲ ਦਾ ਤੁਰੰਤ ਭੁਗਤਾਨ ਕਰੋ
- ਕ੍ਰੈਡਿਟ ਕਾਰਡ ਬਿਲ ਭੁਗਤਾਨ ਸ਼ੈਡਿਊਲ ਕਰੋ
- 2500 ਤੋਂ ਵੱਧ ਦੇ ਟ੍ਰਾਂਜ਼ੈਕਸ਼ਨ ਨੂੰ ਈਐਮਆਈ ਵਿੱਚ ਬਦਲੋ
- ਈ-ਸਟੇਟਮੈਂਟ ਐਕਟੀਵੇਸ਼ਨ
- ਆਪਣੇ ਕ੍ਰੈਡਿਟ ਕਾਰਡ 'ਤੇ ਸੀਮਾ ਵਧਾਉਣ ਸਬੰਧੀ ਜਾਂਚ ਕਰੋ

- ਨਵੇਂ ਕ੍ਰੈਡਿਟ ਕਾਰਡ ਲਈ ਅਪਲਾਈ ਕਰੋ
- ਪਿੰਨ ਅਤੇ ਆਟੋ ਡੈਬਿਟ ਭੁਗਤਾਨ ਨੂੰ ਬਲਾਕ ਅਤੇ ਰਿਪਲੇਸ, ਸੈੱਟ ਅਤੇ ਰੀਸੈੱਟ ਕਰੋ

**ਯੂਪੀਆਈ**

- ਆਪਣੀ ਯੂਨੀਕ ਯੂਪੀਆਈ ਆਈਡੀ ਬਣਾਓ ਅਤੇ ਟ੍ਰਾਂਜ਼ੈਕਸ਼ਨ ਲਈ ਦੂਜਿਆਂ ਨਾਲ ਸਾਂਝਾ ਕਰੋ
- ਆਪਣੀ ਯੂਪੀਆਈ ਆਈਡ ਨਾਲ ਕਈ ਬੈਂਕ ਖਾਤੇ ਲਿੰਕ ਕਰੋ
- ਆਪਣੇ ਮਰਚੈਂਟ ਆਊਟਲੇਟ ਅਤੇ ਸਟੋਰ 'ਤੇ ਤੁਰੰਤ ਸਕੈਨ ਕਰੋ ਅਤੇ ਪੈਸਿਆਂ ਦਾ ਭੁਗਤਾਨ ਕਰੋ
- ਛੁੱਟੀਆਂ ਸਮੇਤ 24*7 ਉਪਲਬਧਤਾ
- ਕੋਈ ਟ੍ਰਾਂਜ਼ੈਕਸ਼ਨ ਲਾਗਤ ਨਹੀਂ
- ਟ੍ਰਾਂਜ਼ੈਕਸ਼ਨ ਹਿਸਟਰੀ ਨੂੰ ਟ੍ਰੈਕ ਕਰੋ
- ਓਪਨ ਬਾਏ ਐਕਸਿਸ ਬੈਂਕ, ਗਾਹਕ ਓਪਨ ਬਾਏ ਐਕਸਿਸ ਬੈਂਕ ਯੂਪੀਆਈ ਵਿਕਲਪ ਰਾਹੀਂ ਕਿਸੇ ਵੀ ਬੈਂਕ ਖਾਤੇ ਨੂੰ ਲਿੰਕ ਕਰ ਸਕਦੇ ਹਨ
    - ਭੇਜੋ ਪੈਸੇ
    - ਪੈਸਿਆਂ ਲਈ ਬੇਨਤੀ ਕਰੋ
    - ਯੂਪੀਆਈ ਟ੍ਰਾਂਜ਼ੈਕਸ਼ਨ ਹਿਸਟਰੀ ਦੇਖੋ
    - ਯੂਪੀਆਈ ਦੀ ਵਰਤੋਂ ਕਰਕੇ ਸਕੈਨ ਕਰੋ ਅਤੇ ਭੁਗਤਾਨ ਕਰੋ
    - ਯੂਪੀਆਈ ਕਯੂਆਰ ਕੋਡ ਬਣਾਓ
    - ਯੂਪੀਆਈ ਸਬੰਧੀ ਪੁੱਛ-ਗਿੱਛ ਦਰਜ ਕਰੋ

**ਬਿਲ ਦਾ ਭੁਗਤਾਨ ਕਰੋ**

- ਰੈਗੂਲਰ ਤੌਰ 'ਤੇ ਬਿਲ ਪੇਸ਼ ਕਰਨ ਲਈ ਬਿਲਰ ਸ਼ਾਮਲ ਕਰੋ
- ਬਿਲ ਦੇਖੋ ਅਤੇ ਭੁਗਤਾਨ ਕਰੋ ਜਾਂ ਬਿਲਰ ਵਲੋਂ ਦਿੱਤੀ ਮਨਜ਼ੂਰੀ ਅਨੁਸਾਰ ਕਿਸੇ ਵੀ ਰਕਮ ਦਾ ਸਿੱਧਾ ਭੁਗਤਾਨ ਕਰੋ
- ਆਪਣੇ ਬਿਲ ਨੂੰ ਸ਼ੈਡਿਊਲ ਕਰੋ ਅਤੇ ਕੈਲੰਡਰ 'ਤੇ ਦੇਖੋ (ਐਪ ਵਿੱਚ)
- ਇੱਕ ਨਿਰਧਾਰਤ ਸੀਮਾ ਲਈ ਆਟੋਪੇ ਸੈਟ ਕਰਕੇ ਆਟੋਮੈਟਿਕਲੀ ਬਿਲ ਦਾ ਭੁਗਤਾਨ ਕਰੋ

**ਮਨਪਸੰਦ**

- ਆਪਣੀਆਂ 10 ਅਕਸਰ ਕੀਤੀਆਂ ਜਾਣ ਵਾਲੀਆਂ ਟ੍ਰਾਂਜ਼ੈਕਸ਼ਨ ਨੂੰ ਪਸੰਦੀਦਾ ਦੇ ਰੂਪ ਵਿੱਚ ਸੈੱਟ ਕਰੋ ਅਤੇ ਇੱਕ ਕਲਿੱਕ ਵਿੱਚ ਭੁਗਤਾਨ ਕਰੋ.

**ਐਫਡੀ/ਆਰਡੀ**

- ਐਪ ਰਾਹੀਂ ਫਿਕਸਡ ਡਿਪਾਜ਼ਿਟ ਖਾਤਾ ਅਤੇ ਰਿਕਰਿੰਗ ਡਿਪਾਜ਼ਿਟ ਖਾਤਾ ਖੋਲ੍ਹੋ. ਐਪ ਤੋਂ ਡਿਪਾਜ਼ਿਟ ਦੀ ਰਕਮ, ਡਿਪਾਜ਼ਿਟ ਦੀ ਅਵਧੀ ਅਤੇ ਭੁਗਤਾਨਯੋਗ ਵਿਆਜ ਦਾ ਪ੍ਰਕਾਰ ਚੁਣੋ.

**ਲੋਨ**

- ਸਾਰੇ ਪ੍ਰਾਪਤ ਲੋਨ ਦੇਖੋ.
- ਲੋਨ ਦੀ ਕੁੱਲ ਬਕਾਇਆ ਰਕਮ ਦੇਖੋ.
- ਨਵੇਂ ਲੋਨ ਲਈ ਅਪਲਾਈ ਕਰੋ.
- ਵਿਵਰਣ ਲਈ ਬੇਨਤੀ.
- ਆਰਓਆਈ ਹਿਸਟਰੀ

**ਮਿਊਚੁਅਲ ਫੰਡ**

- ਕੁੱਲ ਨਿਵੇਸ਼ ਬੈਲੇਂਸ ਦੇਖੋ
- ਨਿਵੇਸ਼ ਦੀ ਮੌਜੂਦਾ ਵੈਲਯੂ ਚੈੱਕ ਕਰੋ
- ਨਿਵੇਸ਼ 'ਤੇ ਹੋਏ ਲਾਭ/ਨੁਕਸਾਨ ਨੂੰ ਟ੍ਰੈਕ ਕਰੋ

**ਡੀਮੈਟ**

- ਐਕਸਿਸ ਬੈਂਕ ਐਪ ਰਾਹੀਂ ਸ਼ੁਰੂ ਤੋਂ ਆਪਣੇ ਨਿਵੇਸ਼ ਨੂੰ ਟ੍ਰੈਕ ਕਰੋ.

- ਡੀਮੈਟ ਸਮਰੀ ਦੇਖੋ
- ਮੀਨੂ ਵਿੱਚ ਸਾਰੀਆਂ ਹੋਲਡਿੰਗ, ਡੀਮੈਟ ਸਟੇਟਮੈਂਟ ਚੈੱਕ ਕਰੋ ਅਤੇ ਨਵੀਂ ਡੀਆਈਐਸ ਬੁੱਕ ਲਈ ਬੇਨਤੀ ਕਰੋ.

**ਫੋਰੈਕਸ ਕਾਰਡ**

- ਮਲਟੀ ਅਤੇ ਸਿੰਗਲ ਕਰੰਸੀ ਫੋਰੈਕਸ ਕਾਰਡ ਦੀ ਸਟੇਟਮੈਂਟ ਚੈੱਕ ਕਰੋ
- ਗਾਹਕ ਕਾਰਡ ਲਈ ਸਾਰੀਆਂ ਕਰੰਸੀ ਲਈ ਆਪਣਾ ਉਪਲਬਧ ਬੈਲੇਂਸ ਅਤੇ ਪੁਰਾਣੀਆਂ ਟ੍ਰਾਂਜ਼ੈਕਸ਼ਨ ਚੈੱਕ ਕਰ ਸਕਦਾ ਹੈ.
- ਇਕ ਗਾਹਕ, ਉਸ ਨੂੰ ਜਾਰੀ ਕੀਤੇ ਕਾਰਡ ਨੂੰ ਫੰਡ ਅਤੇ ਬਲਾਕ ਕਰ ਸਕਦਾ ਹੈ. ਇੱਕ ਮਲਟੀ-ਕਰੰਸੀ ਕਾਰਡ ਵਾਲਾ ਗਾਹਕ ਮੈਡੀਕਲ, ਸਿੱਖਿਆ ਜਾਂ ਹੋਰ ਯਾਤਰਾ ਸੰਬੰਧੀ ਹੋਰ ਕੰਮਾਂ ਲਈ 16 ਕਰੰਸੀਆਂ (ਯੂਐਸਡੀ, ਈਯੂਆਰ, ਜੀਬੀਪੀ, ਐਸਜੀਡੀ, ਏਯੂਡੀ, ਸੀਏਡੀ, ਐਸਈਕੇ, ਜੇਪੀਵਾਈ, ਸੀਐਚਐਫ, ਏਈਡੀ, ਐਸਏਆਰ, ਟੀਐਚਬੀ, ਐਚਕੇਡੀ, ਐਨਜ਼ੈਡਡੀ ਅਤੇ ਜ਼ੈਡਏਆਰ) ਦੀ ਵਰਤੋਂ ਕਰਕੇ ਕਾਰਡ ਨੂੰ ਫੰਡ ਕਰ ਸਕਦਾ ਹੈ.

**ਐਕਸਿਸ ਐਕਟਿਵ**

- 6 ਮਹੀਨਿਆਂ ਦੇ GOQii Life ਪਲਾਨ ਅਤੇ ਫਿਟਨੈਸ ਟ੍ਰੈਕਿੰਗ ਸਮੇਤ ਕੰਟੈਕਟਲੈਸ ਭੁਗਤਾਨ ਲਈ ਐਕਸਿਸ ਐਕਟਿਵ ਬੈਂਕ ਖਰੀਦੋ.
- ਫਿਟਨੈਸ ਟੀਚਿਆਂ ਨੂੰ ਪੂਰਾ ਕਰਨ 'ਤੇ ਐਕਸਿਸ ਐਜ ਰਿਵਾਰਡ ਪਾਓ.

**ਰਿਵਾਰਡ ਪੁਆਇੰਟ**

- ਆਪਣੇ ਰਿਵਾਰਡ ਪੁਆਇੰਟ ਬੈਲੇਂਸ ਨੂੰ ਦੇਖੋ ਅਤੇ ਰਿਡੀਮ ਕਰੋ
- ਆਪਣੇ ਪੁਆਇੰਟ ਨੂੰ ਕਿਸੇ ਹੋਰ ਬੈਂਕ ਖਾਤੇ ਵਿੱਚ ਟ੍ਰਾਂਸਫਰ ਕਰੋ
- ਰਿਵਾਰਡ ਸਟੋਰ ਐਕਸੈਸ ਕਰੋ ਅਤੇ ਸਿੱਧਾ ਰੀਚਾਰਜ ਅਤੇ ਬੁਕਿੰਗ ਕਰੋ

**ਹੁਣੇ ਅਪਲਾਈ ਕਰੋ**

- ਇੱਕ ਨਵਾਂ ਬੱਚਤ ਬੈਂਕ ਖਾਤਾ ਖੋਲ੍ਹੋ (ਚੁਨਿੰਦਾ ਸ਼ਹਿਰਾਂ ਵਿੱਚ ਉਪਲਬਧ)
- ਨਵੇਂ ਕ੍ਰੈਡਿਟ ਕਾਰਡ, ਪਰਸਨਲ ਲੋਨ, ਕਾਰ ਲੋਨ, ਹੋਮ ਲੋਨ ਜਾਂ ਗੋਲਡ ਲੋਨ ਲਈ ਅਪਲਾਈ ਕਰੋ
- ਪਹਿਲਾਂ ਤੋਂ ਸਵੀਕ੍ਰਿਤ ਸਾਰੇ ਆਫਰ ਦੇਖੋ
- ਕਿਸੇ ਵੀ ਐਕਸਿਸ ਬੈਂਕ ਸ਼ਾਖਾ ਵਿੱਚ ਲਾਕਰ ਬੁੱਕ ਕਰੋ, ਬਸ਼ਰਤੇ ਚੁਣੀ ਗਈ ਸ਼ਾਖਾ ਵਿੱਚ ਲਾਕਰ ਉਪਲਬਧ ਹੋਵੇ
- ਪਹਿਲਾਂ ਤੋਂ ਸਵੀਕ੍ਰਿਤ ਆਫਰ

**ਸੈਟਿੰਗ**

- ਟ੍ਰਾਂਜ਼ੈਕਸ਼ਨ ਸੀਮਾ ਦੇਖੋ ਅਤੇ ਸੋਧ ਕਰੋ.
- ਐਮ-ਪਿੰਨ ਬਦਲੋ
- ਐਕਸਿਸ ਬੈਂਕ ਵਲੋਂ ਖੋਲ੍ਹਿਆ ਗਿਆ ਡੀ-ਰਜਿਸਟਰ
- ਖਾਤਾ ਰੀਫ੍ਰੈਸ਼ ਕਰੋ
- ਆਈਓਐਸ ਗਾਹਕਾਂ ਲਈ ਟੱਚ ਆਈਡੀ/ਫੇਸ ਆਈਡੀ; ਐਂਡਰਾਈਡ ਗਾਹਕਾਂ ਲਈ ਫਿੰਗਰਪ੍ਰਿੰਟ ਬਾਇਓਮੈਟ੍ਰਿਕ

**ਸੇਵਾਵਾਂ**

- ਨਵੀਂ ਚੈੱਕ ਬੁੱਕ ਲਈ ਬੇਨਤੀ ਕਰੋ
- ਜਾਰੀ ਕੀਤੇ ਚੈੱਕ ਦਾ ਸਟੇਟਸ ਦੇਖੋ
- ਚੈੱਕ ਜਾਰੀ ਕਰਨਾ ਬੰਦ ਕਰੋ
- ਈ-ਸਟੇਟਮੈਂਟ ਲਈ ਈ-ਮੇਲ ਆਈਡੀ ਰਜਿਸਟਰ ਕਰੋ
- ਈ-ਸਟੇਟਮੈਂਟ ਲਈ ਈ-ਮੇਲ ਆਈਡੀ ਅੱਪਡੇਟ ਕਰੋ
- ਹਾਲ ਹੀ ਦੀਆਂ ਬੇਨਤੀਆਂ ਦੇਖੋ
- ਐਕਸਿਸ ਵਾਚ (ਆਈਓਐਸ  ਗਾਹਕਾਂ ਲਈ ਲਾਗੂ)

- ਈ-ਮੇਲ ਆਈਡੀ ਅੱਪਡੇਟ ਕਰੋ (I)
- ਪੈਨ ਅੱਪਡੇਟ ਕਰੋ (I)
- ਸੰਚਾਰ ਪਤਾ ਅੱਪਡੇਟ ਕਰੋ (I)
- ਸਥਾਈ ਪਤਾ ਅੱਪਡੇਟ ਕਰੋ (I)
- ਕੇਵਾਈਸੀ ਵੇਰਵਿਆਂ ਦੀ ਪੁਸ਼ਟੀ ਕਰੋ (I)
- ਨਾਮ ਅੱਪਡੇਟ ਕਰੋ (I)
- ਜਨਮ ਤਾਰੀਖ ਅੱਪਡੇਟ ਕਰੋ (I)
- ਆਧਾਰ (I) ਰਾਹੀਂ ਪਤਾ ਅੱਪਡੇਟ ਕਰੋ
- ਰੋਜ਼ਗਾਰਦਾਤਾ ਦਾ ਨਾਮ ਅੱਪਡੇਟ ਕਰੋ (I)
- ਆਧਾਰ ਕਾਰਡ ਲਿੰਕ ਕਰੋ (I)
- ਫਾਰਮ 15G/H (I) ਸਬਮਿਟ ਕਰੋ
- ਟ੍ਰਾਂਸਫਰ ਖਾਤਾ (I)
- ਫਾਰਮ 60 (I)
- *ਪਾਸਪੋਰਟ ਅੱਪਡੇਟ ਕਰੋ (ਐਨਆਰਆਈ) (I)
- *ਵੀਜ਼ਾ ਅੱਪਡੇਟ ਕਰੋ (ਐਨਆਰਆਈ) (I)
- ਲੋਨ ਬੰਦ ਕਰਨ ਲਈ ਨੋ ਓਬਜੈਕਸ਼ਨ ਸਰਟੀਫਿਕੇਟ (I)
- ਆਧਾਰ ਕਾਰਡ ਅੱਪਡੇਟ ਕਰੋ
- ਬੰਦ ਖਾਤੇ ਨੂੰ ਐਕਟੀਵੇਟ ਕਰੋ

**ਬਚਤ/ਚਾਲੂ ਖਾਤਾ**

- ਬੈਂਕ ਖਾਤੇ ਦਾ ਵੇਰਵਾ ਐਕਸੈਸ ਕਰੋ
- ਐਸਏ/ਸੀਏ ਕੋਲ ਰਜਿਸਟਰਡ ਈ-ਮੇਲ ਆਈਡੀ ਅੱਪਡੇਟ ਕਰੋ
- ਈ-ਸਟੇਟਮੈਂਟ ਲਈ ਰਜਿਸਟਰ ਕਰੋ
- ਨਵੀਂ ਚੈੱਕ ਬੁੱਕ ਲਈ ਬੇਨਤੀ ਕਰੋ
- ਜਾਰੀ ਕੀਤੇ ਚੈੱਕ ਦਾ ਸਟੇਟਸ ਦੇਖੋ
- ਜਾਰੀ ਕੀਤੇ ਚੈੱਕ ਬੰਦ ਕਰੋ
- ਆਪਣੀ ਐਮਐਮਆਈਡੀ ਚੈੱਕ ਕਰੋ
- ਪੀ2ਐਮ ਆਈਐਮਪੀਐਸ ਟ੍ਰਾਂਜ਼ੈਕਸ਼ਨ ਲਈ ਓਟੀਪੀ ਜਨਰੇਟ ਕਰੋ
- ਹਾਲ ਹੀ ਦੀਆਂ ਬੇਨਤੀਆਂ ਦੇਖੋ

**ਕ੍ਰੈਡਿਟ ਕਾਰਡ**

- ਕ੍ਰੈਡਿਟ ਕਾਰਡ ਲਈ ਅਪਲਾਈ ਕਰੋ
- ਕ੍ਰੈਡਿਟ ਕਾਰਡ ਲਈ ਅਪਲਾਈ ਕਰੋ
- ਕਾਰਡ ਨੂੰ ਬਲਾਕ ਅਤੇ ਰਿਪਲੇਸ ਕਰੋ
- ਸੀਮਾ ਵਧਾਉਣ ਲਈ ਚੈੱਕ ਕਰੋ
- ਬਿਲ ਨਾ ਕੀਤੀਆਂ ਗਈਆਂ ਟ੍ਰਾਂਜ਼ੈਕਸ਼ਨ ਜਾਂ ਮੌਜੂਦਾ ਬਿਲ ਨੂੰ ਈਐਮਆਈ ਵਿੱਚ ਬਦਲੋ
- ਈ-ਸਟੇਟਮੈਂਟ ਐਕਟੀਵੇਸ਼ਨ
- ਕ੍ਰੈਡਿਟ ਕਾਰਡ 'ਤੇ ਇੰਸਟੈਂਟ ਲੋਨ
- ਕ੍ਰੈਡਿਟ ਕਾਰਡ ਪਿੰਨ ਸੈੱਟ/ਰੀਸੈੱਟ ਕਰੋ

**ਡੈਬਿਟ ਕਾਰਡ**

- ਕਿਸੇ ਵੀ ਦੁਰਵਰਤੋਂ ਨੂੰ ਰੋਕਣ ਲਈ ਡੈਬਿਟ ਕਾਰਡ ਨੂੰ ਬਲਾਕ ਕਰੋ
- ਆਪਣੇ ਡੈਬਿਟ ਕਾਰਡ 'ਤੇ ਏਟੀਐਮ ਅਤੇ ਖਰੀਦ ਸੰਬੰਧੀ ਸੀਮਾ ਵਿੱਚ ਸੋਧ ਕਰੋ
- ਡੈਬਿਟ ਕਾਰਡ ਪਿੰਨ ਨੂੰ ਸੈੱਟ/ਰੀਸੈੱਟ ਕਰੋ

- ਸਾਰੇ ਡੈਬਿਟ ਕਾਰਡ ਟ੍ਰਾਂਜ਼ੈਕਸ਼ਨ ਨੂੰ ਰੋਕਣ ਲਈ ਡੈਬਿਟ ਕਾਰਡ ਨੂੰ ਆਨ/ਆਫ ਕਰੋ
- ਡੈਬਿਟ ਕਾਰਡ ਨੂੰ ਅੱਪਗ੍ਰੇਡ ਕਰੋ

**ਮਾਈ ਪ੍ਰਿਵਲੇਜਿਸ**

- ਇਹ ਸੈਕਸ਼ਨ ਪ੍ਰੈਸਟੀਜ, ਪ੍ਰੀਓਰਟੀ ਅਤੇ ਬਰਗੰਡੀ ਗਾਹਕਾਂ ਲਈ ਉਪਲਬਧ ਹੈ. ਇੱਥੇ, ਗਾਹਕ ਆਪਣੇ ਖਾਤੇ ਲਈ ਉਪਲੱਬਧ ਵਿਸ਼ੇਸ਼ ਅਧਿਕਾਰੀ/ਆਫਰ/ ਵਿਸ਼ੇਸ਼ ਸੁਵਿਧਾਵਾਂ ਦੇਖ ਸਕਦੇ ਹਨ.

**ਆਈਐਮਪੀਐਸ**

- ਤੁਰੰਤ ਭੁਗਤਾਨ ਸੇਵਾ ਇੱਕ ਸੁਰੱਖਿਅਤ ਅਤੇ ਕੁਸ਼ਲ ਪ੍ਰਣਾਲੀ ਹੈ ਜੋ ਰੀਅਲ-ਟਾਈਮ ਟ੍ਰਾਂਜ਼ੈਕਸ਼ਨ ਲਈ ਤਿਆਰ ਕੀਤੀ ਗਈ ਹੈ.

**ਐਨਈਐਫਟੀ**

- ਨੈਸ਼ਨਲ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ ਸਿਸਟਮ ਇੱਕ ਵਿਆਪਕ ਤੌਰ 'ਤੇ ਵਰਤਿਆ ਜਾਣ ਵਾਲੀ ਪ੍ਰਣਾਲੀ ਹੈ ਜਿਸ ਰਾਹੀਂ ਫੰਡ ਟ੍ਰਾਂਸਫਰ ਕੀਤੇ ਜਾ ਸਕਦੇ ਹਨ. ਐਨਈਐਫਟੀ ਦੀ ਕੋਈ ਘੱਟੋ ਘੱਟ ਜਾਂ ਵੱਧ ਤੋਂ ਵੱਧ ਸੀਮਾ ਨਹੀਂ ਹੈ.

**ਆਰਟੀਜੀਐਸ**

- ਰੀਅਲਟਾਈਮ ਗ੍ਰਾਸ ਸੈਟਲਮੈਂਟ ਰਾਹੀਂ ਵੱਡੀ ਰਕਮ ਨੂੰ ਤੁਰੰਤ, ਆਸਾਨੀ ਤੇ ਸੁਰੱਖਿਅਤ ਢੰਗ ਨਾਲ ਟ੍ਰਾਂਸਫਰ ਕੀਤਾ ਜਾ ਸਕਦਾ ਹੈ. ਆਰਟੀਜੀਐਸ ਵਿੱਚ ਘੱਟ ਤੋਂ ਘੱਟ ਐਫਟੀ ਰਕਮ ₹ 2 ਲੱਖ ਹੈ.

**ਭੁਗਤਾਨ ਨਿਰਦੇਸ਼ ਬੰਦ ਕਰੋ**

ਇੱਕ ਵਾਰ ਗਾਹਕ ਵਲੋਂ ਟ੍ਰਾਂਜ਼ੈਕਸ਼ਨ ਨੂੰ ਅਧਿਕਾਰਤ ਅਤੇ ਸ਼ੁਰੂ ਕਰਨ ਤੋਂ ਬਾਅਦ, ਇਸ ਨੂੰ ਅੰਤਿਮ, ਅਟੱਲ ਅਤੇ ਰੱਦ ਨਾ ਕਰਨ ਯੋਗ ਮੰਨਿਆ ਜਾਵੇਗਾ. ਬੈਂਕ ਕਿਸੇ ਵੀ ਸਥਿਤੀ ਵਿੱਚ ਅਜਿਹੇ ਟ੍ਰਾਂਜ਼ੈਕਸ਼ਨ ਦੇ ਭੁਗਤਾਨ ਨੂੰ ਰੋਕਣ, ਵਾਪਸ ਕਰਨ ਜਾਂ ਸੋਧ ਕਰਨ ਲਈ ਕਿਸੇ ਵੀ ਬੇਨਤੀ ਨੂੰ ਸਵੀਕਾਰ ਨਹੀਂ ਕਰੇਗਾ. ਅਧਿਕਾਰਤ ਕਰਨ ਤੋਂ ਪਹਿਲਾਂ, ਲਾਭਪਾਤਰ ਦੇ ਖਾਤਾ ਨੰਬਰ ਸਮੇਤ ਪਰ ਇਹਨਾਂ ਤੱਕ ਸੀਮਿਤ ਨਹੀਂ, ਸਾਰੇ ਟ੍ਰਾਂਜ਼ੈਕਸ਼ਨ ਵੇਰਵਿਆਂ ਦੀ ਸਟੀਕਤਾ ਅਤੇ ਪੂਰਨਤਾ ਨੂੰ ਯਕੀਨੀ ਬਣਾਉਣਾ ਸਿਰਫ ਗਾਹਕ ਦੀ ਜ਼ਿੰਮੇਵਾਰੀ ਹੈ. ਗਾਹਕ ਵਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਪਾਈਆਂ ਗਈਆਂ ਗਲਤੀਆਂ ਜਾਂ ਤਰੁੱਟੀਆਂ ਤੋਂ ਹੋਣ ਵਾਲੇ ਕਿਸੇ ਵੀ ਨੁਕਸਾਨ, ਹਾਨੀ ਜਾਂ ਨਤੀਜੇ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ

**ਚੈੱਕ ਰੋਕੋ**

"ਗਾਹਕ ਬੈਂਕ ਦੇ ਡਿਜ਼ੀਟਲ ਚੈਨਲ ਰਾਹੀਂ ਸੰਬੰਧਿਤ ਚੈੱਕ ਨੰਬਰ ਦਰਜ ਕਰਕੇ ਚੈੱਕ ਨੂੰ ਰੋਕਣ ਦੀ ਬੇਨਤੀ ਸ਼ੁਰੂ ਕਰਦਾ ਹੈ. ਜਮ੍ਹਾਂ ਕਰਨ 'ਤੇ, ਚੈੱਕ ਦੇ ਸਟੇਟਸ ਨੂੰ ਸਿਸਟਮ ਵਿੱਚ ਆਟੋਮੈਟਿਕਲੀ ਪ੍ਰਮਾਣਿਤ ਕੀਤਾ ਜਾਂਦਾ ਹੈ. ਜੇ ਚੈੱਕ ਦੀ ਪਛਾਣ ਨਹੀਂ ਕੀਤੀ ਗਈ ਹੈ, ਤਾਂ ਚੈੱਕ ਦੀ ਬੇਨਤੀ ਨੂੰ ਪ੍ਰੋਸੈਸਿੰਗ ਲਈ ਬੈਕਐਂਡ ਸਿਸਟਮ ਵਿੱਚ ਸੰਚਾਰਿਤ ਕੀਤਾ ਜਾਂਦਾ ਹੈ, ਅਤੇ ਟ੍ਰਾਂਜੈਕਸ਼ਨ ਲਈ ਇੱਕ ਰੈਫਰੈਂਸ ਨੰਬਰ ਤਿਆਰ ਕੀਤਾ ਜਾਂਦਾ ਹੈ.

ਬੇਨਤੀ ਨੂੰ ਸਫਲਤਾਪੂਰਵਕ ਜਮ੍ਹਾਂ ਕਰਨ ਵੇਲੇ ਚੈੱਕ ਨਿਰਦੇਸ਼ ਨੂੰ ਰੋਕਣਾ ਤੁਰੰਤ ਲਾਗੂ ਹੁੰਦਾ ਹੈ.

**ਐਸਆਈਪੀ ਬੰਦ ਕਰੋ**

ਗਾਹਕ ਐਕਸਿਸ ਬੈਂਕ ਦੇ ਇੰਟਰਨੈੱਟ ਬੈਂਕਿੰਗ ("ਆਈਬੀ") ਅਤੇ ਮੋਬਾਈਲ ਬੈਂਕਿੰਗ ("ਐਮਬੀ") ਪਲੇਟਫਾਰਮ ਰਾਹੀਂ ਐਸਆਈਪੀ (ਸਿਸਟਮੈਟਿਕ ਨਿਵੇਸ਼ ਪਲਾਨ) ਸੁਵਿਧਾ ਦਾ ਲਾਭ ਲੈ ਸਕਦੇ ਹਨ, ਜੋ ਸਮੇਂ-ਸਮੇਂ 'ਤੇ ਸੰਸ਼ੋਧਿਤ ਲਾਗੂ ਨਿਯਮ, ਸ਼ਰਤਾਂ, ਪ੍ਰੋਡਕਟ ਦਿਸ਼ਾ-ਨਿਰਦੇਸ਼ਾਂ ਅਤੇ ਰੈਗੂਲੇਟਰੀ ਜ਼ਰੂਰਤਾਂ ਦੇ ਅਧੀਨ ਹਨ.

ਸੰਬੰਧਿਤ ਡਿਜ਼ੀਟਲ ਬੈਂਕਿੰਗ ਪਲੇਟਫਾਰਮ ਦੇ ਅੰਦਰ ਉਪਲਬਧ ਸੰਬੰਧਿਤ ਐਸਆਈਪੀ ਸੈਕਸ਼ਨ/ਨਿਵੇਸ਼-ਸੰਬੰਧਿਤ ਸੇਵਾਵਾਂ ਨੂੰ ਐਕਸੈਸ ਕਰਕੇ ਐਸਆਈਪੀ ਬੇਨਤੀ ਨੂੰ ਰੋਕੋ.

ਗਾਹਕ ਸਕ੍ਰੀਨ 'ਤੇ ਪੁੱਛੇ ਗਏ ਅਨੁਸਾਰ ਸਕੀਮ ਦਾ ਨਾਮ, ਐਸਆਈਪੀ ਰੈਫਰੈਂਸ ਅਤੇ/ਜਾਂ ਮੈਂਡੇਟ ਵੇਰਵੇ ਸਮੇਤ, ਪਰ ਇਨ੍ਹਾਂ ਤੱਕ ਸੀਮਿਤ ਨਹੀਂ, ਲੋੜੀਂਦੇ ਐਸਆਈਪੀ ਵੇਰਵੇ ਦੀ ਜਾਂਚ ਕਰਕੇ, ਐਕਟਿਵ ਐਸਆਈਪੀ ਨੂੰ ਬੰਦ ਕਰਨ ਜਾਂ ਰੋਕਣ ਲਈ ਓਟੀਪੀ ਪ੍ਰਮਾਣਿਕਤਾ ਨਾਲ ਬੇਨਤੀ ਸਬਮਿਟ ਕਰ ਸਕਦੇ ਹਨ.

ਸਫਲਤਾਪੂਰਵਕ ਜਮ੍ਹਾਂ ਕਰਨ ਤੋਂ ਬਾਅਦ, ਇੱਕ ਸਟਾਪ ਐਸਆਈਪੀ ਬੇਨਤੀ ਸਬਮਿਟ ਕਰ ਦਿੱਤੀ ਗਈ ਹੈ ਅਤੇ ਅੱਗੇ ਦੀ ਪ੍ਰਕਿਰਿਆ ਲਈ ਏਐਮਸੀ/ਆਰਟੀਏ ਨੂੰ ਵੇਰਵੇ ਭੇਜ ਦਿੱਤੇ ਗਏ ਹਨ, ਜਿਸ ਵਿੱਚ 2-3 ਕੰਮਕਾਜੀ ਦਿਵਸ ਲਗ ਸਕਦੇ ਹਨ.

ਬੇਨਤੀ ਨੂੰ ਬੈਂਕ ਅਤੇ/ਜਾਂ ਸੰਬੰਧਿਤ ਅਸੈਟ ਮੈਨੇਜਮੈਂਟ ਕੰਪਨੀ ("ਏਐਮਸੀ") / ਸਬੰਧਤ ਇੰਟਰਮੀਡੀਅਰੀ ਵੱਲੋਂ ਲਾਗੂ ਕਟ-ਆਫ਼ ਸਮਿਆਂ, ਜਾਂਚ ਪ੍ਰਕਿਰਿਆਵਾਂ ਅਤੇ ਲਾਗੂ ਨਿਯਮਾਂ ਦੇ ਅਨੁਸਾਰ ਪ੍ਰਕਿਰਿਆ ਕੀਤੀ ਜਾਵੇਗੀ. ਐਸਆਈਪੀ ਦਾ ਸਫਲ ਸਟਾਪੇਜ ਸੰਬੰਧਿਤ ਏਐਮਸੀ/ਇੰਟਰਮੀਡੀਅਰੀ ਵਲੋਂ ਰਸੀਦ, ਪ੍ਰਮਾਣਿਕਤਾ ਅਤੇ ਪੁਸ਼ਟੀ ਦੇ ਅਧੀਨ ਹੋਵੇਗਾ.

ਐਕਸਿਸ ਬੈਂਕ ਕਿਸੇ ਵੀ ਐਸਆਈਪੀ ਕਿਸ਼ਤ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜੋ ਸਫਲ ਪ੍ਰਕਿਰਿਆ ਅਤੇ ਸਟਾਪ ਐਸਆਈਪੀ ਬੇਨਤੀ ਦੀ ਪੁਸ਼ਟੀ ਤੋਂ ਪਹਿਲਾਂ ਪ੍ਰੋਸੈੱਸ ਜਾਂ ਡੈਬਿਟ ਕੀਤੀ ਜਾਂਦੀ ਹੈ. ਬੈਂਕ ਲਾਗੂ ਪ੍ਰੋਸੈਸਿੰਗ ਜਾਂ ਕੱਟ-ਆਫ ਅਵਧੀ ਦੇ ਅੰਦਰ ਆਉਣ ਵਾਲੀ ਐਸਆਈਪੀ ਕਿਸ਼ਤਾਂ ਦੇ ਸਟਾਪੇਜ ਦੀ ਗਾਰੰਟੀ ਨਹੀਂ ਦਿੰਦਾ ਹੈ ਅਤੇ ਥਰਡ-ਪਾਰਟੀ ਸੰਸਥਾਵਾਂ, ਜਿਸ ਵਿੱਚ ਏਐਮਸੀ ਜਾਂ ਭੁਗਤਾਨ ਇੰਟਰਮੀਡੀਅਰੀ ਸਮੇਤ ਕਿਸੇ ਵੀ ਦੇਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ.

ਐਕਸਿਸ ਬੈਂਕ ਲਾਗੂ ਕਾਨੂੰਨਾਂ, ਨਿਯਮਾਂ ਅਤੇ ਅੰਦਰੂਨੀ ਨੀਤੀਆਂ ਦੇ ਅਨੁਸਾਰ ਕਿਸੇ ਵੀ ਸਟਾਪ ਐਸਆਈਪੀ ਬੇਨਤੀ ਨੂੰ ਸਵੀਕਾਰ, ਅਸਵੀਕਾਰ ਜਾਂ ਕੈਂਸਲ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ.

## ਅਨੁਬੰਧ "A"

### ਡਿਜ਼ੀਟਲ ਸਮੱਗਰੀ ਜਮ੍ਹਾਂ ਕਰਨ ਦੀ ਪਾਲਿਸੀ ਅਤੇ ਦਿਸ਼ਾ-ਨਿਰਦੇਸ਼

1. ਗਾਹਕ ਦੱਸਦਾ ਹੈ ਅਤੇ ਵਾਰੰਟੀ ਦਿੰਦਾ ਹੈ ਕਿ ਉਸ ਨੂੰ ਕਿਸੇ ਵੀ ਜਾਂ ਸਾਰੇ ਡਿਜ਼ੀਟਲ ਸਮੱਗਰੀ ਅਤੇ ਉਸ ਵਿੱਚ ਸ਼ਾਮਲ ਸਾਰੇ ਬੌਧਿਕ ਸੰਪੱਤੀ ਅਧਿਕਾਰਾਂ ਦੀ ਵਰਤੋਂ ਕਰਨ ਲਈ ਅਧਿਕਾਰਤ ਹੈ ਅਤੇ ਵੈਧ ਲਾਇਸੈਂਸਸ਼ੁਦਾ ਹੈ.
2. ਗਾਹਕ ਇਸ ਗੱਲ ਨਾਲ ਸਹਿਮਤ ਹੈ ਅਤੇ ਪੁਸ਼ਟੀ ਕਰਦਾ ਹੈ, ਅਤੇ ਇਸ ਤੋਂ ਇਲਾਵਾ, ਪ੍ਰਤੀਨਿਧਤਾ ਕਰਦਾ ਹੈ ਅਤੇ ਵਾਰੰਟੀ ਦਿੰਦਾ ਹੈ ਕਿ ਗਾਹਕ ਕੋਲ ਐਕਸਿਸ ਬੈਂਕ ਨੂੰ ਆਪਣੇ ਏਜੰਟ, ਸਹਿਯੋਗੀ ਅਤੇ ਸੇਵਾ ਪ੍ਰਦਾਤਾਵਾਂ ਨੂੰ, ਐਕਸਿਸ ਮੋਬਾਈਲ ਐਪਲੀਕੇਸ਼ਨ ਰਾਹੀਂ ਗਾਹਕ ਨੂੰ ਸੇਵਾਵਾਂ ਅਤੇ/ਜਾਂ ਸਹੂਲਤਾਂ ਪ੍ਰਦਾਨ ਕਰਨ ਲਈ ਐਕਸਿਸ ਬੈਂਕ ਦੁਆਰਾ ਲੋੜੀਂਦੀ ਹੱਦ ਤੱਕ, ਗਾਹਕ ਵੱਲੋਂ ਵਰਤੀ ਗਈ/ਅੱਪਲੋਡ ਕੀਤੀ ਗਈ ਕਿਸੇ ਵੀ ਡਿਜ਼ੀਟਲ ਸਮੱਗਰੀ ਜਾਂ ਉਸ ਦੇ ਕਿਸੇ ਵੀ ਹਿੱਸੇ ਦੀ ਵਰਤੋਂ ਕਰਨ, ਬਦਲਾਅ ਕਰਨ, ਪ੍ਰਿੰਟ/ਐਮਬੌਸ, ਕਾਪੀ, ਸਟੋਰ ਕਰਨ, ਦੁਬਾਰਾ ਤਿਆਰ ਕਰਨ ਦਾ ਇਕ ਅਟੱਲ, ਗੈਰ-ਤਬਾਦਲਾਯੋਗ, ਗੈਰ-ਨਿਵੇਕਲਾ, ਰੌਯਲਟੀ-ਫ੍ਰੀ, ਵਿਸ਼ਵਵਿਆਪੀ ਅਧਿਕਾਰ ਪ੍ਰਦਾਨ ਕਰਨ ਦਾ ਢੁਕਵਾਂ ਅਧਿਕਾਰ ਅਤੇ ਸ਼ਕਤੀ ਹੈ.
3. ਗਾਹਕ ਪੁਸ਼ਟੀ ਕਰਦਾ ਹੈ ਕਿ ਉਸ ਵਲੋਂ ਵਰਤੀ ਗਈ/ਅੱਪਲੋਡ ਕੀਤੀ ਗਈ ਡਿਜ਼ੀਟਲ ਸਮੱਗਰੀ ਵਿੱਚ ਸ਼ਾਮਲ ਸਾਰੇ ਬੌਧਿਕ ਸੰਪੱਤੀ ਅਧਿਕਾਰਾਂ ਦਾ ਮਾਲਕਾਨਾ ਹੱਕ/ਲਾਇਸੈਂਸ ਉਸ ਕੋਲ ਹੈ ਅਤੇ ਅੱਗੇ ਵੀ ਇਸ ਨੂੰ ਆਪਣੇ ਕੋਲ ਬਰਕਰਾਰ ਰੱਖੇਗਾ. ਐਕਸਿਸ ਬੈਂਕ ਸਮਝਦਾ ਹੈ ਕਿ ਡਿਜ਼ੀਟਲ ਸਮੱਗਰੀ ਵਿੱਚ ਸ਼ਾਮਲ ਬੌਧਿਕ ਸੰਪੱਤੀ ਅਧਿਕਾਰਾਂ ਦਾ ਮਾਲਕਾਨਾ ਹੱਕ/ਲਾਇਸੈਂਸ ਗਾਹਕ ਕੋਲ ਹੈ ਅਤੇ ਐਕਸਿਸ ਬੈਂਕ ਉਸ ਗਈ ਮਾਲਕਾਨਾ ਹੱਕ ਵਾਲੀ/ਲਾਇਸੈਂਸਸ਼ੁਦਾ ਡਿਜ਼ੀਟਲ ਸਮੱਗਰੀ 'ਤੇ ਕੋਈ ਅਧਿਕਾਰ, ਹਿੱਤ, ਮਾਲਕਾਨਾ ਹੱਕ ਦਾ ਦਾਅਵਾ ਨਹੀਂ ਕਰੇਗਾ.

4. ਗਾਹਕ ਅੱਗੇ ਦੱਸਦਾ ਹੈ ਕਿ ਐਕਸਿਸ ਬੈਂਕ, ਇਸ ਦੇ ਏਜੰਟ, ਸਹਿਯੋਗੀ ਅਤੇ ਸੇਵਾ ਪ੍ਰਦਾਤਾਵਾਂ ਵਲੋਂ ਡਿਜ਼ੀਟਲ ਸਮੱਗਰੀ ਦੀ ਵਰਤੋਂ, ਜਿਵੇਂ ਕਿ ਇਨ੍ਹਾਂ ਸ਼ਰਤਾਂ ਦੇ ਅਨੁਸਾਰ ਗਾਹਕ ਵਲੋਂ ਅਧਿਕਾਰਤ ਕੀਤਾ ਗਿਆ ਹੈ, ਕਿਸੇ ਵੀ ਥਰਡ ਪਾਰਟੀ ਦੇ ਕਿਸੇ ਵੀ ਬੌਧਿਕ ਸੰਪੱਤੀ ਅਧਿਕਾਰਾਂ/ਜਾਂ ਕਿਸੇ ਵੀ ਮੌਜੂਦਾ ਕਾਨੂੰਨਾਂ, ਨਿਯਮ ਜਾਂ ਰੈਗੂਲੇਸ਼ਨ ਦੀ ਉਲੰਘਣਾ ਨਹੀਂ ਕਰੇਗੀ.
5. ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ ਕਿਸੇ ਵੀ ਸੇਵਾ ਦਾ ਲਾਭ ਲੈਣ ਵੇਲੇ ਡਿਜ਼ੀਟਲ ਸਮੱਗਰੀ ਦੀ ਵਰਤੋਂ/ਅੱਪਲੋਡ ਕਰਨ ਲਈ ਗਾਹਕ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ. ਹਾਲਾਂਕਿ, ਐਕਸਿਸ ਬੈਂਕ ਗਾਹਕ ਦੀ ਬੇਨਤੀ 'ਤੇ ਉਸ ਨੂੰ ਸੇਵਾਵਾਂ ਦਾ ਲਾਭ ਲੈਣ ਦੀ ਆਗਿਆ ਦੇ ਰਿਹਾ ਹੈ, ਅਤੇ ਐਕਸਿਸ ਬੈਂਕ ਨੂੰ ਗਾਹਕ ਵਲੋਂ ਡਿਜ਼ੀਟਲ ਸਮੱਗਰੀ ਦੀ ਕਿਸੇ ਵੀ ਵਰਤੋਂ ਲਈ, ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
6. ਗਾਹਕ ਸਹਿਮਤ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਗਾਹਕ ਵਲੋਂ ਵਰਤੀ ਗਈ/ਸਬਮਿਟ ਕੀਤੀ ਗਈ ਡਿਜ਼ੀਟਲ ਸਮੱਗਰੀ ਦੇ ਸੰਬੰਧ ਵਿੱਚ ਗਾਹਕ ਅਤੇ ਕਿਸੇ ਵੀ ਥਰਡ ਪਾਰਟੀ ਦੇ ਵਿਚਕਾਰ ਕੋਈ ਵੀ ਕਲੇਮ ਜਾਂ ਵਿਵਾਦ ਹੋਣ ਦੀ ਸੂਰਤ ਵਿੱਚ, ਉਸ ਨੂੰ ਗਾਹਕ ਅਤੇ ਉਸ ਥਰਡ ਪਾਰਟੀ ਦੇ ਵਿਚਕਾਰ ਸੁਲਝਾਇਆ ਜਾਵੇਗਾ ਅਤੇ ਅਜਿਹੇ ਕਲੇਮ ਜਾਂ ਵਿਵਾਦ ਦੇ ਸੰਬੰਧ ਵਿੱਚ ਐਕਸਿਸ ਬੈਂਕ ਦਾ ਕੋਈ ਲੈਣ-ਦੇਣ ਨਹੀਂ ਹੋਵੇਗਾ. ਐਕਸਿਸ ਬੈਂਕ ਨੂੰ ਇਸ ਸੰਬੰਧ ਵਿੱਚ ਗਾਹਕ ਜਾਂ ਕਿਸੇ ਥਰਡ ਪਾਰਟੀ ਨੂੰ ਹੋਣ ਵਾਲੇ ਕਿਸੇ ਵੀ ਘਾਟੇ/ਨੁਕਸਾਨ/ਹਾਨੀ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ ਅਤੇ ਗਾਹਕ, ਐਕਸਿਸ ਬੈਂਕ, ਇਸਦੇ ਡਾਇਰੈਕਟਰ ਅਤੇ ਕਰਮਚਾਰੀ, ਪ੍ਰਤੀਨਿਧੀਆਂ, ਏਜੰਟ ਅਤੇ/ਜਾਂ ਸਹਿਯੋਗੀਆਂ ਨੂੰ ਇਸ ਦੇ ਮੁਆਵਜ਼ੇ ਅਤੇ ਹਾਨੀ ਤੋਂ ਸੁਰੱਖਿਅਤ ਰੱਖੇਗਾ.
7. ਉਕਤ ਐਕਸਿਸ ਮੋਬਾਈਲ ਐਪਲੀਕੇਸ਼ਨ 'ਤੇ ਗਾਹਕ ਵਲੋਂ ਅੱਪਲੋਡ ਕੀਤੀ ਗਈ ਡਿਜ਼ੀਟਲ ਸਮੱਗਰੀ ਵਿੱਚ ਕੋਈ ਵੀ ਸਪਾਈਵੇਅਰ, ਮਾਲਵੇਅਰ, ਵਾਇਰਸ, ਖਰਾਬੀ ਜਾਂ ਕਿਸੇ ਹੋਰ ਸਮੱਗਰੀ ਨਹੀਂ ਹੋਣੀ ਚਾਹੀਦੀ, ਜੋ ਐਕਸਿਸ ਮੋਬਾਈਲ ਐਪਲੀਕੇਸ਼ਨ ਅਤੇ/ਜਾਂ ਐਕਸਿਸ ਬੈਂਕ ਜਾਂ ਇਸ ਦੇ ਸਹਿਯੋਗੀਆਂ, ਸੇਵਾ ਪ੍ਰਦਾਤਾਵਾਂ ਦੇ ਕਿਸੇ ਵੀ ਸਿਸਟਮ, ਸਾਫਟਵੇਅਰ, ਸਰਵਰ ਆਦਿ ਲਈ ਨੁਕਸਾਨਦੇਹ ਹੈ.

**ਡਿਜ਼ੀਟਲ ਸਮੱਗਰੀ ਦੀ ਵਰਤੋਂ ਲਈ ਨਿਯਮ ਅਤੇ ਸ਼ਰਤਾਂ**

ਹੇਠਾਂ ਦਿੱਤੇ ਕਿਸੇ ਵੀ ਤੱਤ ਨਾਲ ਸੰਬੰਧਿਤ ਡਿਜ਼ੀਟਲ ਸਮੱਗਰੀ ਦੀ ਆਗਿਆ ਨਹੀਂ ਹੋਵੇਗੀ

1. ਟ੍ਰੇਡਮਾਰਕ ਜਾਂ ਕਾਪੀਰਾਈਟ ਸਮੱਗਰੀ ਜੋ ਪ੍ਰਸਿੱਧ ਜਾਂ ਮਾਨਤਾ ਪ੍ਰਾਪਤ ਹੈ, ਜਿਸ ਵਿੱਚ ਕੋਈ ਵੀ ਡਿਜ਼ੀਟਲ ਸਮੱਗਰੀ ਜਾਂ ਇਸਦਾ ਕੋਈ ਹਿੱਸਾ ਸ਼ਾਮਲ ਹੈ ਜਿਸ 'ਤੇ ©, ® ਜਾਂ ™ ਸੰਕੇਤ ਦਰਸਾਏ ਗਏ ਹਨ, ਜਿਸ ਵਿੱਚ ਵਿਗਿਆਪਨ, ਪ੍ਰਚਾਰ ਸਮੱਗਰੀ ਸਮੇਤ ਵਿਸ਼ੇਸ਼ ਬ੍ਰਾਂਡ ਦੇ ਉਤਪਾਦਾਂ ਦੀਆਂ ਫੋਟੋਆਂ/ਆਡੀਓ-ਵਿਜ਼ੂਅਲ ਅਤੇ ਸਾਰੀ ਸਮੱਗਰੀ ਜਿਨ੍ਹਾਂ ਵਿੱਚ ਟੈਲੀਫੋਨ ਨੰਬਰ, ਯੂਆਰਐਲ, ਖਾਤਾ ਨੰਬਰ ਜਾਂ ਈ-ਮੇਲ ਐਡਰੈੱਸ ਹਨ;
2. ਵਿਆਪਕ ਤੌਰ 'ਤੇ ਉੱਘੀਆਂ ਮਸ਼ਹੂਰ ਹਸਤੀਆਂ/ਸੰਗੀਤਕਾਰਾਂ/ਐਥਲੀਟਾਂ/ਮਨੋਰੰਜਕ/ਜਨਤਕ ਸ਼ਖਸੀਅਤਾਂ/ਕਾਰਟੂਨ ਪਾਤਰਾਂ ਆਦਿ ਦੀ ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ;
3. ਕੋਈ ਵੀ ਡਿਜ਼ੀਟਲ ਸਮੱਗਰੀ ਜਿਸ ਵਿੱਚ ਭੜਕਾਊ, ਅਸ਼ਲੀਲ, ਹਿੰਸਕ, ਪੋਰਨੋਗ੍ਰਾਫਿਕ, ਅਸ਼ਲੀਲ ਜਾਂ ਜਿਨਸੀ ਚਿੱਤਰ/ਆਡੀਓ/ਆਡੀਓ-ਵਿਜ਼ੂਅਲ ਹਨ, ਜਿਸ ਵਿੱਚ ਨਗਨਤਾ, ਅਪਮਾਨਜਨਕ ਅਤੇ/ਜਾਂ ਨਸਲਵਾਦੀ ਸਮੱਗਰੀ ਸ਼ਾਮਲ ਹੈ ਅਤੇ ਜਿਸ ਵਿੱਚ ਹਥਿਆਰ, ਹਿੰਸਾ ਜਾਂ ਅੱਗ ਲਗਾਉਣ ਵਾਲੇ ਹਥਿਆਰਾਂ ਦੀਆਂ ਫੋਟੋ/ਆਡੀਓ/ਆਡੀਓ-ਵਿਜ਼ੂਅਲ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ.
4. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜੋ ਸੰਪ੍ਰਦਾਇਕ, ਸਮਾਜ ਵਿਰੋਧੀ ਜਾਂ ਅਸ਼ਲੀਲ ਵਿਵਹਾਰ ਨੂੰ ਦਰਸਾਉਂਦੀ ਹੈ ਜਾਂ ਪ੍ਰਚਾਰ ਕਰਦੀ ਹੈ ਜਾਂ ਭੜਕਾ ਸਕਦੀ ਹੈ.
5. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜਿਸ ਵਿੱਚ ਨਸ਼ਾ, ਸਿਗਰੇਟ ਪੀਣ, ਨਸ਼ੀਲੇ ਪਦਾਰਥ ਅਤੇ/ਜਾਂ ਜੂਏ ਜਾਂ ਸਮਾਨ ਪ੍ਰਕਾਰ ਦੀਆਂ ਗਤੀਵਿਧੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਹੋਣ.
6. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜੋ ਧਾਰਮਿਕ ਜਾਂ ਰਾਜਨੀਤਕ ਵਿਸ਼ਵਾਸਾਂ ਅਤੇ ਵਿਸ਼ਵਾਸਾਂ ਨੂੰ ਭੜਕਾਉਂਦੀਆਂ ਹਨ, ਜਿਸ ਵਿੱਚ ਉਹ ਚੀਜ਼ ਵੀ ਸ਼ਾਮਲ ਹੈ ਜੋ ਕਾਨੂੰਨ ਦੁਆਰਾ ਪਾਬੰਦੀਸ਼ੁਦਾ ਸਮੂਹਾਂ ਜਾਂ ਉਨ੍ਹਾਂ ਦੇ ਵਿਚਾਰਾਂ ਨੂੰ ਦਰਸਾਉਂਦੀ ਹੈ ਜਿਹਨਾਂ ਦੇ ਕਾਰਨ ਸਮਾਜਿਕ ਅਸ਼ਾਂਤੀ, ਸਮਾਜ-ਵਿਰੋਧੀ ਵਿਕਾਰ ਜਾਂ ਰਾਜਨੀਤਕ ਜਾਂ ਧਾਰਮਿਕ ਬਿਆਨ ਅਤੇ/ਜਾਂ ਟੈਕਸਟ ਜਾਂ ਦ੍ਰਿਸ਼ਟਾਂਤ ਪੈਦਾ ਹੋਣ ਦੀ ਸੰਭਾਵਨਾ ਹੈ.
7. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜਿਸ ਵਿੱਚ ਕਿਸੇ ਵੀ ਪ੍ਰਕਾਰ ਦਾ ਵਿਸ਼ਾ ਹੋਵੇ, ਜਿਸ ਵਿੱਚ ਐਕਸਿਸ ਮੋਬਾਈਲ ਐਪਲੀਕੇਸ਼ਨ ਦੇ ਸਬੰਧ ਵਿੱਚ ਉਲਝਣ ਹੋ ਸਕਦੀ ਹੈ ਜਾਂ ਜਿਸ ਦੇ ਨਤੀਜੇ ਵਜੋਂ ਉਕਤ ਐਕਸਿਸ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਨਾਲ ਟ੍ਰਾਂਜ਼ੈਕਸ਼ਨਲ ਧੋਖਾਧੜੀ ਹੋ ਸਕਦੀ ਹੈ.

8. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜੋ ਮਾਸਟਰ ਕਾਰਡ ® ਜਾਂ ਵੀਜ਼ਾ ® ਜਾਂ ਕਿਸੇ ਹੋਰ ਭੁਗਤਾਨ ਨੈੱਟਵਰਕ ਬ੍ਰਾਂਡ/ਗੇਟਵੇ ਨੂੰ ਢੰਗ ਨਾਲ ਦਰਸਾਉਂਦੇ ਹਨ ਜਾਂ ਵਿਰੋਧੀ ਭਾਵਨਾ ਪੈਦਾ ਕਰਦੇ ਹਨ.
9. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜਿਸ ਵਿੱਚ ਪੈਸੇ ਜਾਂ ਕਰੰਸੀ 'ਤੇ ਫੋਕਸ ਕੀਤਾ ਗਿਆ ਹੋਵੇ/ਪ੍ਰਦਰਸ਼ਿਤ ਕੀਤਾ ਗਿਆ ਹੋਵੇ.
10. ਓਲੰਪਿਕ ਖੇਡਾਂ ਦੇ ਟ੍ਰੇਡ ਨਾਮ, ਲੋਗੋ, ਸਲੋਗਨ ਦਾ ਕੋਈ ਵੀ ਹਵਾਲਾ ਜਾਂ ਕਿਸੇ ਵੀ ਕਾਰਡ ਪ੍ਰੋਸੈਸਿੰਗ ਐਸੋਸੀਏਸ਼ਨਾਂ (ਜਿਵੇਂ ਕਿ ਵੀਜ਼ਾ, ਮਾਸਟਰ ਕਾਰਡ, ਅਮਰੀਕਨ ਐਕਸਪ੍ਰੈਸ ਆਦਿ) ਦੀ ਪਛਾਣ ਕਰਨ ਵਾਲਾ ਕੋਈ ਹੋਰ ਹਵਾਲਾ.
11. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜੋ ਨਿਰਾਦਰ ਜਾਂ ਅਸ਼ਲੀਲਤਾ ਨੂੰ ਦਰਸਾਉਂਦੇ ਹਨ, ਜਿਸ ਵਿੱਚ ਐਕਸਿਸ ਬੈਂਕ, ਐਕਸਿਸ ਬੈਂਕ ਲੋਗੋ, ਜਾਂ ਐਕਸਿਸ ਬੈਂਕ ਕਾਰਡ, ਬ੍ਰਾਂਡ ਦਾ ਨਾਮ, ਟ੍ਰੇਡਮਾਰਕ ਆਦਿ ਦਿਖਾਇਆ ਗਿਆ ਹੋਵੇ; ਗਲਤ ਢੰਗ ਨਾਲ.
12. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜੋ ਕਿਸੇ ਹੋਰ ਬੈਂਕਿੰਗ ਜਾਂ ਵਿੱਤੀ ਸੰਸਥਾ ਦੇ ਨਾਮ, ਬ੍ਰਾਂਡ, ਪ੍ਰੋਡਕਟ, ਸੇਵਾਵਾਂ ਜਾਂ ਫੋਟੋ ਨੂੰ ਦਰਸਾਉਂਦੀਆਂ ਹਨ.
13. ਕੋਈ ਵੀ ਫੋਟੋ/ਆਡੀਓ/ਆਡੀਓ-ਵਿਜ਼ੂਅਲ ਜਿਸ ਵਿੱਚ ਭਾਰਤ ਦੇ ਸੰਵਿਧਾਨ ਜਾਂ ਕਿਸੇ ਹੋਰ ਸਰਕਾਰੀ ਸੰਸਥਾ ਨਾਲ ਸੰਬੰਧਿਤ ਕੋਈ ਵੀ ਪ੍ਰਤੀਕ, ਝੰਡੇ, ਮਾਰਕ, ਨਾਮ, ਲੋਗੋ ਜਾਂ ਕੋਈ ਹੋਰ ਸਮੱਗਰੀ ਹੋਵੇ.

**ਅਨੁਬੰਧ "B"**

ਦਸਤਾਵੇਜ਼ ਵਿੱਚ ਦਰਸਾਈਆਂ ਗਈਆਂ ਪਾਲਿਸੀਆਂ ਦੇ ਲਿੰਕ. ਨਿਯਮ ਅਤੇ ਸ਼ਰਤਾਂ ਦਾ ਅਜਿਹਾ ਕੋਈ ਵੀ ਹਿੱਸਾ ਜੋ ਇਸ ਦਸਤਾਵੇਜ਼ ਵਿੱਚ ਨਹੀਂ ਹੈ, ਪਰ ਹੇਠਾਂ ਦਿੱਤੇ ਲਿੰਕ ਲਈ ਕਿਸੇ ਹੋਰ ਦਸਤਾਵੇਜ਼ ਵਿੱਚ ਮੌਜੂਦ ਹੈ, ਤਾਂ ਉਸ ਨੂੰ ਵੀ ਇਸ ਦਸਤਾਵੇਜ਼ ਦਾ ਹਿੱਸਾ ਮੰਨਿਆ ਜਾਵੇਗਾ.

- ਐਕਸਿਸ ਬੈਂਕ ਨੈੱਟ ਬੈਂਕਿੰਗ ਦੇ ਨਿਯਮ ਅਤੇ ਸ਼ਰਤਾਂ - https://www.axis.bank.in/bank-smart/internet-banking/terms-conditions
- ਐਕਸਿਸ ਬੈਂਕ ਗਾਹਕ ਅਧਿਕਾਰ ਪਾਲਿਸੀ -https://www.axis.bank.in/docs/default-source/default-document-library/customer-rights-policy.pdf
- ਐਕਸਿਸ ਬੈਂਕ ਬੱਚਤ ਖਾਤੇ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/savings-accounts-tnc.pdf?sfvrsn=9a8eb1a3_5
- ਐਕਸਿਸ ਬੈਂਕ ਹੈਲਪਡੈਸਕ ਅਤੇ ਸ਼ਿਕਾਇਤ ਨਿਵਾਰਣ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/grievance-redressal/grievance-redressal-policy.pdf?sfvrsn=3866ba1d_14
- ਐਕਸਿਸ ਬੈਂਕ ਗਾਹਕ ਮੁਆਵਜ਼ਾ ਪਾਲਿਸੀ ਬੈਂਕ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/customer-compensation-policy.pdf?sfvrsn=3d8c439e_6
- ਐਕਸਿਸ ਬੈਂਕ ਕੋਡ ਆਫ਼ ਬੈਂਕ ਦੀ ਵਚਨਬੱਧਤਾ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/code-of-commitment.pdf?sfvrsn=e16d1812_1
- ਐਕਸਿਸ ਬੈਂਕ ਦੇ ਸ਼ੁਲਕਾਂ ਦਾ ਸ਼ੈਡਿਊਲ - ਸ਼ੁਲਕਾਂ ਦਾ ਵੇਰਵਾ, ਜਿੱਥੇ ਵੀ ਲਾਗੂ ਹੁੰਦਾ ਹੈ, ਸ਼ੁਲਕਾਂ ਦੇ ਸ਼ੈਡਿਊਲ ਵਿੱਚ ਸਪੱਸ਼ਟ ਤੌਰ 'ਤੇ ਪ੍ਰਗਟ ਕੀਤਾ ਜਾਵੇਗਾ - https://www.axis.bank.in/fees-and-charges

- ਐਕਸਿਸ ਬੈਂਕ ਗਾਹਕ ਸੁਰੱਖਿਆ ਪਾਲਿਸੀ - ਅਣਅਧਿਕਾਰਤ ਇਲੈਕਟ੍ਰਾਨਿਕ ਬੈਂਕਿੰਗ ਟ੍ਰਾਂਜੈਕਸ਼ਨ ਵਿੱਚ ਗਾਹਕਾਂ ਦੀ ਦੇਣਦਾਰੀ ਨੂੰ ਸੀਮਿਤ ਕਰਨਾ- https://www.axis.bank.in/docs/default-source/default-document-library/customer-protection-policy.pdf